

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 4
May 8, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ। **(ਹੋਰ ਜਾਣਕਾਰੀ ਲਈ ਇਸਤਿਹਾਰ ਦੇਖੋ ਸਫਾ 2 'ਤੇ ਅਤੇ ਵਿਸਥਾਰਿਤ ਜਾਣਕਾਰੀ ਦੇਖੋ ਸਫਾ 6 'ਤੇ)**

# ਮੋਦੀ ਸਰਕਾਰ ਨੂੰ ਬਹੁਮਤ ਨਾ ਮਿਲਿਆ ਤਾਂ ਇਕ ਵਾਰ ਫਿਰ ਪੰਜਾਬੀ ਪੁੱਤਰ ਬਣ ਸਕਦਾ ਹੈ ਪ੍ਰਧਾਨ ਮੰਤਰੀ

## ਮੋਦੀ ਤੋਂ ਬਾਅਦ ਗੱਠਜੋੜ ਕੋਲ ਸਿਰਫ ਇਕ ਹੀ ਨਾਂ, ਜਿਸ ਤੇ ਬਣ ਸਕਦੀ ਹੈ ਸਾਰਿਆਂ ਦੀ ਸਹਿਮਤੀ

**ਨਵੀਂ ਦਿੱਲੀ (ਬਿਊਰੋ)–** 2019 ਲੋਕ ਸਭਾ ਚੋਣਾਂ ਦੇ ਨਤੀਜੇ 23 ਮਈ ਨੂੰ ਆਉਣਗੇ। ਇਸ ਦਿਨ ਜੇਕਰ ਅਜਿਹੀ ਹਾਲਤ ਬਣਦੀ ਹੈ ਕਿ ਕਿਸੇ ਨੂੰ ਸਪੱਸ਼ਟ ਬਹੁਮਤ ਨਾ ਮਿਲੇ ਤੇ ਗਠਜੋੜ ਨਾਲ ਸਰਕਾਰ ਕਾਇਮ ਕਰਨੀ ਹੋਵੇ ਤਾਂ ਡਾ. ਮਨਮੋਹਨ ਸਿੰਘ ਅਜਿਹਾ ਨਾਂ ਹੈ ਜਿਸ 'ਤੇ ਸਾਰੀਆਂ ਵਿਰੋਧੀ ਪਾਰਟੀਆਂ ਇੱਕਜੁਟ ਹੋ ਸਕਦੀਆਂ ਹਨ। ਦੇਸ਼ ਦੀਆਂ ਵੱਡੀਆਂ ਪਾਰਟੀਆਂ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ ਤੇ ਤ੍ਰਿਣਮੂਲ ਕਾਂਗਰਸ ਪਹਿਲਾਂ ਹੀ ਕਾਂਗਰਸ ਵੱਲੋਂ ਰਾਹੁਲ ਗਾਂਧੀ ਦੇ ਨਾਂ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰੀ ਹਨ। ਅਜਿਹੇ ਵਿੱਚ ਮਨਮੋਹਨ ਸਿੰਘ ਦੇ ਨਾਂ 'ਤੇ ਸਭ ਦੀ ਸਹਿਮਤੀ ਬਣ ਸਕਦੀ ਹੈ।ਬੇਸ਼ੱਕ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਸਮੇਂ ਕਈ ਵੱਡੇ ਘਪਲੇ ਹੋਏ ਪਰ ਹਾਲੇ ਤਕ ਉਨ੍ਹਾਂ ਦਾ ਅਕਸ ਸਾਫ ਹੈ। ਹਾਲਾਂਕਿ, ਵਿਰੋਧੀ ਧਿਰਾਂ



ਵਿੱਚ ਵੀ ਰਾਹੁਲ ਗਾਂਧੀ, ਮਾਇਆਵਤੀ, ਅਖਿਲੇਸ਼ ਯਾਦਵ, ਮਮਤਾ ਬੈਨਰਜੀ ਆਦਿ ਦਿੱਗਜ ਨੇਤਾ ਮੌਜੂਦ ਹਨ, ਪਰ ਕਾਂਗਰਸ ਦਾ ਅੰਦਰੂਨੀ ਝੁਕਾਅ ਵੀ ਇਸੇ ਪਾਸੇ ਹੋ ਸਕਦਾ ਹੈ ਤਾਂ ਹੀ ਸ਼ਾਂਤ ਰਹਿਣ ਤੇ ਘੱਟ ਬੋਲਣ ਵਾਲੇ ਡਾ. ਮਨਮੋਹਨ ਸਿੰਘ ਅੱਜਕੱਲ੍ਹ ਮੋਦੀ ਸਰਕਾਰ ਨੂੰ ਅਰਥਚਾਰੇ ਤੋਂ ਲੈ ਕੇ ਰਾਫ਼ੇਲ ਸੌਦੇ ਜਿਹੇ ਮੁੱਦਿਆਂ 'ਤੇ ਘੇਰ ਰਹੇ ਹਨ।ਡਾ. ਮਨਮੋਹਨ ਸਿੰਘ ਭਾਰਤ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਪ੍ਰਧਾਨ ਮੰਤਰੀ ਹਨ। ਮਨਮੋਹਨ ਸਿੰਘ ਨੇ ਲੰਮਾ ਸਮਾਂ ਦੇਸ਼ ਦੇ ਆਰਥਿਕ ਮਾਮਲਿਆਂ ਵਿੱਚ ਬਿਤਾਇਆ ਹੈ ਤੇ ਇਸ ਵਿਸ਼ੇ 'ਤੇ ਉਨ੍ਹਾਂ ਦੀ ਪਕੜ ਬਾਰੇ ਪੂਰੀ ਦੁਨੀਆ ਜਾਣਦੀ ਹੈ। ਉਹ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ, ਰਿਜ਼ਰਵ ਬੈਂਕ ਦੇ ਗਵਰਨਰ, ਪ੍ਰਧਾਨ ਮੰਤਰੀ ਦੇ ਆਰਥਕ ਸਲਾਹਕਾਰ ਜਿਹੇ ਉੱਚੇ ਤੇ ਜ਼ਿੰਮੇਵਾਰੀ ਭਰੇ ਅਹੁਦੇ

**(ਬਾਕੀ ਸਫਾ 8 'ਤੇ)**


ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖੇ ਜਾਣ ਦੀਆਂ
ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਲੱਖ ਲੱਖ ਵਧਾਈਆਂ

**Global REALTY**
**HARJIT SWATCH**
Make your dreams come true with Global Realty
cell : 916-417-2900, fax : 916-367-6728




## ਬਹੁਜਨ ਸਮਾਜ ਪਾਰਟੀ ਅਤੇ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੀ ਸੂਬਾ ਪੱਧਰੀ ਵਿਸ਼ਾਲ ਰੈਲੀ 12 ਮਈ ਨੂੰ

**ਨਵਾਂ ਸ਼ਹਿਰ–** ਬਹੁਜਨ ਸਮਾਜ ਪਾਰਟੀ ਅਤੇ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਪੰਜਾਬ ਵਿਚ ਗੱਠਜੋੜ ਦੀ ਸੂਬਾ ਪੱਧਰੀ ਵਿਸ਼ਾਲ ਰੈਲੀ 12 ਮਈ 2019 ਦਿਨ ਐਤਵਾਰ ਨੂੰ ਸਵੇਰੇ 11 ਵਜੇ ਚੰਡੀਗੜ੍ਹ ਰੋਡ, ਨਵਾਂ ਸ਼ਹਿਰ (ਨੇੜੇ ਲੰਗੜੋਆ) ਵਿਖੇ ਹੋਣ ਜਾ ਰਹੀ ਹੈ।

ਇਸ ਰੈਲੀ ਵਿਚ ਮੁੱਖ ਮਹਿਮਾਨ ਭੈਣ ਕੁਮਾਰੀ ਮਾਇਆਵਤੀ ਜੀ ਹੋਣਗੇ। ਇਸ ਰੈਲੀ ਨੂੰ ਮਨਜੀਤ ਸੋਨੂੰ ਬੀ. ਵੀ. ਐਫ. ਜੋਨ ਇੰਚਾਰਜ ਜਲੰਧਰ ਪ੍ਰਬੰਧਕ ਵਜੋਂ ਕਰਵਾਉਣ ਜਾ ਰਹੇ ਹਨ। ਉਹਨਾਂ ਸਾਰੇ ਬਸਪਾ ਅਤੇ ਗੱਠਜੋੜ ਸਮਰਥਕਾਂ ਨੂੰ ਬੇਨਤੀ ਕੀਤੀ ਕਿ ਭਾਰੀ ਗਿਣਤੀ ਵਿਚ ਪਹੁੰਚ ਕੇ ਵਿਸ਼ਾਲ ਰੈਲੀ ਨੂੰ ਯਾਦਗਾਰ ਅਤੇ ਇਤਿਹਾਸਕ ਬਣਾਓ।






MANDEEP SANDHU

**SANDHU IMMIGRATION CONSULTANT**

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

**BAGGA JEWELERS**
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™

**MAJESTIC HOMES**
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539

ੴ ਸਤਿਗੁਰ ਪ੍ਰਸਾਦਿ॥

# 1ਵਾਂ ਸਾਲਾਨਾ ਗੁਰਮਤਿ ਸਮਾਗਮ ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ

ਮਿਤੀ 12 ਮਈ 2019, ਦਿਨ ਐਤਵਾਰ



## ਸਮਾਗਮ ਦਾ ਵੇਰਵਾ

**10 ਮਈ 2019,ਦਿਨ ਸ਼ੁੱਕਰਵਾਰ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ________ ਸਵੇਰੇ 10 ਵਜੇ

**10 ਅਤੇ 11 ਮਈ 2019 (ਸ਼ਾਮ ਦਾ ਪ੍ਰੋਗਰਾਮ)**

ਪਾਠ ਸੋਦਰੁ________6 ਵਜੇ ਤੋਂ 6:25 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ________6:30 ਤੋਂ 7:15 ਤੱਕ

ਕਥਾ-ਭਾਈ ਪਿੰਦਰਪਾਲ ਸਿੰਘ ਜੀ________7:15 ਤੋਂ 8:30 ਤੱਕ

**12 ਮਈ 2019, ਦਿਨ ਐਤਵਾਰ**

ਭੋਗ ਸ੍ਰੀ ਅਖੰਡ ਪਾਠ ਸਾਹਿਬ________ਸਵੇਰੇ 10 ਵਜੇ

ਕੀਰਤਨ ਭਾਈ ਜਸਪਾਲ ਸਿੰਘ ਜੀ ਸਾਰੰਗ________10 ਵਜੇ ਤੋਂ 10:15 ਤੱਕ

ਕੀਰਤਨ ਭਾਈ ਸੁਖਵਿੰਦਰ ਸਿੰਘ ਜੀ ________10:15 ਤੋਂ 10:30 ਤੱਕ

ਕੀਰਤਨ ਭਾਈ ਜਗਜੀਤ ਸਿੰਘ ਜੀ ਯੋਗੀ________10:30 ਤੋਂ 10:45 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ________10:45 ਤੋਂ 11:45 ਤੱਕ

ਕਥਾ:ਭਾਈ ਪਿੰਦਰਪਾਲ ਸਿੰਘ ਜੀ________11:45 ਤੋਂ ਦੁਪਹਿਰ 1 ਵਜੇ ਤੱਕ

ਗੁਰਦੁਆਰਾ ਸਾਹਿਬ ਦੇ ਨਵੇਂ ਦਰਬਾਰ ਸਾਹਿਬ ਦਾ ਨੀਂਹ ਪੱਥਰ______1:15 ਵਜੇ


ਨੋਟ:-ਸਮਾਗਮ ਵਿੱਚ ਤਰ੍ਹਾਂ ਤਰਾਂ ਦੇ ਫੂਡ ਸਟਾਲਜ਼ ਅਤੇ ਖਰੀਦੋ ਫਰੋਖਤ ਦੀਆਂ ਵਸਤੂਆਂ ਦੇ ਸਟਾਲਾਂ ਦਾ ਖਾਸ ਪ੍ਰਬੰਧ ਹੋਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਅਤੇ ਦਸਵੰਧ ਦੇ ਕੇ ਗੁਰੂ ਘਰ ਦੀਆਂ ਬਖਸ਼ਿਸਾਂ ਪ੍ਰਾਪਤ ਕਰੋ ਜੀ।

## ਪਹੁੰਚ ਰਹੀਆਂ ਸ਼ਖ਼ਸੀਅਤਾਂ


ਭਾਈ ਗੁਰਚਰਨ ਸਿੰਘ ਜੀ ਸੁਲਤਾਨਪੁਰੀ


ਭਾਈ ਪਿੰਦਰਪਾਲ ਸਿੰਘ ਜੀ


ਭਾਈ ਅਨੂਪ ਸਿੰਘ ਜੀ ਊਨਾ ਸਾਹਿਬ


ਭਾਈ ਜਗਜੀਤ ਸਿੰਘ ਯੋਗੀ


ਭਾਈ ਸੁਖਵਿੰਦਰ ਸਿੰਘ ਜੀ



ਭਾਈ ਜਸਪਾਲ ਸਿੰਘ ਜੀ ਸਾਰੰਗ

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ

1090 Main Street Roseville CA 95678 , 916-298-4913

# ਧੰਨ ਧੰਨ ਸਤਿਗੁਰੂ ਧੰਨਾ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ










**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਹਾਨ ਮਹਾਂਪੁਰਸ਼ ਧੰਨ ਧੰਨ ਸਤਿਗੁਰੂ ਧੰਨਾ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਿਤੀ 3, 4, 5 ਮਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਮਨਾਇਆ ਗਿਆ, ਜਿਸ ਵਿਚ 3 ਮਈ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 5 ਮਈ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ, ਬੀਬੀ ਲੋਚਨਾਂ ਰਾਏ, ਭਾਈ ਹੀਰਾ ਸਿਘ ਜੀ, ਭਾਈ ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਹਰਿਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਜਰਨੈਲ ਸਿੰਘ ਜੀ, ਬੀਬੀ ਜਗੀਰ ਕੌਰ ਪਰਿਵਾਰ ਵੱਲੋਂ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਵੀ ਕਰਵਾਏ ਗਏ। ਇਹਨਾਂ ਸਮਾਗਮਾਂ ਵਿਚ ਲੰਗਰਾਂ ਦੀ ਸੇਵਾ ਵੀ ਸੇਵਕ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ) ਵੱਲੋਂ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਗਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਹਨਾਂ ਸਮਾਗਮਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦੇ ਧੰਨਵਾਦ ਕੀਤਾ।

# ਵੋਟਾਂ ਮੰਗਣ ਜਾਂਦੇ ਆਗੂਆਂ ਨੂੰ ਭਾਰੂ ਪੈ ਰਹੇ ਨੇ 'ਕੈਪਟਨ ਦੇ ਨੁਕਤੇ'

**ਚੰਡੀਗੜ੍ਹ–** ਪੰਜਾਬ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਸੂਬਾ ਸਰਕਾਰ ਨੂੰ 'ਕੈਪਟਨ ਦੇ ਨੌਂ ਨੁਕਤੇ' ਹੀ ਭਾਰੂ ਪੈ ਰਹੇ ਹਨ। ਵੱਖ-ਵੱਖ ਵਰਗ ਦੇ ਲੋਕਾਂ ਵੱਲੋਂ ਕਾਂਗਰਸ ਦੇ ਉਮੀਦਵਾਰਾਂ ਅੱਗੇ ਚੋਣ ਪ੍ਰਚਾਰ ਵੇਲੇ ਉਠਾਏ ਜਾ ਰਹੇ ਸਵਾਲ ਇਨ੍ਹਾਂ ਨੁਕਤਿਆਂ 'ਤੇ ਹੀ ਆਧਾਰਿਤ ਹਨ।

ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ 2017 'ਚ ਵਿਧਾਨ ਸਭਾ ਚੋਣਾਂ ਮੌਕੇ ਜਾਰੀ ਕੀਤੇ ਗਏ ਮੈਨੀਫੈਸਟੋ ਦੇ ਮੁੱਖ ਪੰਨੇ 'ਤੇ ਸੂਬੇ ਦੇ ਅਹਿਮ ਮਸਲਿਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਸੀ। ਇਹ ਕਿਹਾ ਗਿਆ ਸੀ ਕਿ 'ਕੈਪਟਨ ਦੇ ਨੌਂ ਨੁਕਤੇ' ਨਵਾਂ ਨਰੋਇਆ ਪੰਜਾਬ ਸਿਰਜਣਗੇ। ਜਦਕਿ ਇਹ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਤੇ ਲੋਕ ਮਨਾਂ ਵਿਚ ਰੋਹ ਹੈ। ਚੋਣ ਪ੍ਰਚਾਰ ਲਈ ਜਾਂਦੇ ਕਾਂਗਰਸੀ ਉਮੀਦਵਾਰਾਂ ਤੋਂ ਤੰਗ ਹੋਏ ਲੋਕ ਵਿਧਾਨ ਸਭਾ ਚੋਣਾਂ ਮੌਕੇ ਕੀਤੇ ਵਾਅਦਿਆਂ ਦਾ ਲੇਖਾ-ਜੋਖਾ ਮੰਗ ਰਹੇ ਹਨ। ਇਨ੍ਹਾਂ ਨੁਕਤਿਆਂ ਨੂੰ ਆਧਾਰ ਬਣਾ ਕੇ ਲੋਕਾਂ ਨੇ ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਰਾਜਾ ਵੜਿੰਗ ਅਤੇ ਸੰਗਰੂਰ 'ਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੂੰ ਘੇਰਿਆ ਸੀ। ਸੂਤਰਾਂ ਅਨੁਸਾਰ ਕਈ ਹੋਰ ਪੀੜਤ ਵਰਗ ਵੀ ਇਸੇ ਰਾਹ ਪੈਣ ਦੀ ਤਿਆਰੀ ਕਰ ਰਹੇ ਹਨ। ਇਨ੍ਹਾਂ ਨੁਕਤਿਆਂ 'ਚ ਇਕ ਪ੍ਰਮੁੱਖ ਵਾਅਦਾ ਘਰ-ਘਰ ਰੁਜ਼ਗਾਰ ਦੇਣਾ ਵੀ ਹੈ। ਇਹ ਮੈਨੀਫੈਸਟੋ ਦੇ ਪੰਨਾ ਨੰਬਰ 24 'ਤੇ ਦਰਜ ਹੈ। ਇਸ ਵਿਚ ਕਿਹਾ ਗਿਆ ਸੀ ਸਰਕਾਰ ਬਣਨ 'ਤੇ ਸਭ ਤੋਂ ਪਹਿਲਾਂ ਸੂਬੇ ਵਿਚਲੇ ਬੇਰੁਜ਼ਗਾਰਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਤੇ ਸਮਾਂਬੱਧ ਢੰਗ ਨਾਲ ਘਰ-ਘਰ ਰੁਜ਼ਗਾਰ ਦਿੱਤਾ ਜਾਵੇਗਾ। ਹਰ ਜ਼ਿਲ੍ਹੇ ਵਿਚ ਮਾਹਿਰ ਪੇਸ਼ੇਵਰਾਂ 'ਤੇ ਆਧਾਰਿਤ ਐਂਪਲਾਇਮੈਂਟ ਬਿਊਰੋ ਬਨਾਉਣ ਦਾ ਵਾਅਦਾ ਵੀ ਕੀਤਾ ਗਿਆ ਸੀ। ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ ਬਣਾਏ ਇਸ



ਚੋਣ ਮਨੋਰਥ ਪੱਤਰ ਵਿਚ ਬੜੇ ਜ਼ੋਰ ਨਾਲ ਸਾਲ 2017 ਤੋਂ 2022 ਤੱਕ ਹਰ ਪਰਿਵਾਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਨੌਕਰੀ ਦੇਣ ਦਾ ਟੀਚਾ ਮਿੱਥਿਆ ਗਿਆ ਹੈ।

ਇਹ ਵਾਅਦਾ ਵੀ ਕੀਤਾ ਗਿਆ ਹੈ ਕਿ ਜਦ ਤੱਕ ਸ਼ਨਾਖ਼ਤ ਕੀਤੇ ਬੇਰੁਜ਼ਗਾਰਾਂ ਨੂੰ ਨੌਕਰੀ ਨਹੀਂ ਮਿਲਦੀ, ਉਦੋਂ ਤੱਕ 2,500 ਰੁਪਏ ਪ੍ਰਤੀ ਮਹੀਨਾ ਭੱਤਾ ਦਿੱਤਾ ਜਾਵੇਗਾ। ਹਾਲਾਂਕਿ ਅਜਿਹਾ ਕੁਝ ਨਹੀਂ ਹੋਇਆ। ਇਸੇ ਕਾਰਨ ਹੁਣ ਸੂਬੇ ਵਿਚਲੇ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਸਮੇਤ ਕਈ ਸਾਲਾਂ ਤੋਂ ਠੇਕੇ ਉੱਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਮੁਲਾਜ਼ਮ ਹੁਕਮ-ਰਾਨ ਪਾਰਟੀ ਦੇ ਉਮੀਦਵਾਰਾਂ ਤੇ ਆਗੂਆਂ ਨੂੰ ਠਿੱਠ ਕਰ ਰਹੇ ਹਨ। ਕਾਂਗਰਸ ਨੇ ਸਰਕਾਰ ਬਣਦਿਆਂ ਹੀ ਠੇਕੇ 'ਤੇ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ ਪਰ 25 ਮਹੀਨਿਆਂ ਦੌਰਾਨ ਇਸ ਵਰਗ ਨੂੰ ਮਹਿਜ਼ ਲਾਰੇ ਹੀ ਮਿਲੇ ਹਨ। ਰੈਗੂਲਰ ਮੁਲਾਜ਼ਮਾਂ ਦਾ ਵੀ ਸਰਕਾਰ 15 ਫੀਸਦ ਡੀਏ ਤੇ ਛੇਵਾਂ ਤਨਖ਼ਾਹ ਕਮਿਸ਼ਨ ਦੱਬੀ ਬੈਠੀ ਹੈ ਤੇ ਇਹ ਵਰਗ ਵੀ ਸਰਕਾਰ ਨੂੰ ਘੇਰ ਰਿਹਾ ਹੈ। ਮੈਨੀਫੈਸਟੋ ਵਿਚ ਨਸ਼ਿਆਂ ਦਾ ਚਾਰ ਹਫ਼ਤਿਆਂ 'ਚ ਖ਼ਾਤਮਾ ਕਰਨ, ਨਸ਼ਾ ਕਰਨ ਵਾਲਿਆਂ ਨੂੰ ਮੁੱਖ ਧਾਰਾ 'ਚ ਲਿਆਉਣ ਅਤੇ ਤਸਕਰਾਂ ਖ਼ਿਲਾਫ਼ ਕਾਰਵਾਈ ਦਾ ਵਾਅਦਾ ਵੀ ਕੀਤਾ ਗਿਆ ਹੈ ਪਰ ਸੂਬਾ ਸਰਕਾਰ ਦੇ 25 ਮਹੀਨੇ ਬੀਤਣ 'ਤੇ ਵੀ ਇਸ ਦਾ ਕੋਈ ਵਿਆਪਕ ਅਸਰ ਨਜ਼ਰ ਨਹੀਂ ਆ ਰਿਹਾ। ਇਸੇ ਤਰ੍ਹਾਂ ਕਿਸਾਨ ਕਰਜ਼ੇ ਤੇ ਖ਼ੁਦਕੁਸ਼ੀਆਂ ਅਤੇ ਹੋਰ ਮਸਲੇ ਵੀ ਵੋਟਾਂ ਮੰਗਣ ਗਏ ਆਗੂਆਂ ਨੂੰ ਚੇਤੇ ਕਰਵਾਏ ਜਾ ਰਹੇ ਹਨ। ਲੋਕਾਂ ਦੇ ਇਸ ਰੌਅ ਕਾਰਨ ਹੁਕਮਰਾਨ ਕਾਂਗਰਸ ਪਾਰਟੀ ਦੇ ਆਗੂਆਂ 'ਚ ਬੈਚੇਨੀ ਨਜ਼ਰ ਆ ਰਹੀ ਹੈ। ਇਸੇ ਤਰ੍ਹਾਂ ਲੋਕ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੀ ਬੇਅਦਬੀਆਂ ਦੇ ਮਾਮਲੇ 'ਤੇ ਸਵਾਲ ਕਰ ਰਹੇ ਹਨ।


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ

MOBILE 916-513-8094




Put my knowledge, Service, experience and professionalism to work for you.



Buying or selling home in Sacramento?
Call 916-513-8094 for free consultation
(PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ

VISHAL KAPOOR
DRE#02087894 Realtor®

MOBILE. 916-513-8094. OFFICE 916-993-8680 EXT.1102
Email- realtor.vkapoor@gmail.com www.hsicarerealty.com
3461 Fair Oaks Blvd. Suite #125, Sacramento, CA 95864


# ਡਾ.ਅੰਬੇਡਕਰ ਦੀ ਵਿਚਾਰਧਾਰਾ ਲਈ ਮੋਦੀ ਵੱਡਾ ਖ਼ਤਰਾ: ਚੌਧਰੀ ਸੰਤੋਖ ਸਿੰਘ



**ਜਲੰਧਰ–** ਲੋਕ ਸਭਾ ਹਲਕਾ ਜਲੰਧਰ ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੇਸ਼ ਵਿਚਲੀਆਂ ਲੋਕਤੰਤਰੀ ਤੇ ਸੰਵਿਧਾਨਕ ਸੰਸਥਾਵਾਂ ਨੂੰ ਢਾਅ ਲਾ ਰਹੀ ਹੈ ਅਤੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾਕਟਰ ਬੀਆਰ ਅੰਬੇਡਕਰ ਦੀ ਵਿਚਾਰਧਾਰਾ ਨੂੰ ਅੱਜ ਜੇਕਰ ਸਭ ਤੋਂ ਵੱਡਾ ਖਤਰਾ ਹੈ ਤਾਂ ਉਹ ਮੋਦੀ ਕੋਲੋਂ ਹੈ।

ਵਿਧਾਨ ਸਭਾ ਹਲਕਾ ਕਰਤਾਰਪੁਰ ਤੋਂ ਕਾਂਗਰਸੀ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਨਾਲ ਪਿੰਡ ਨੌਗੱਜਾ, ਐਮਾ ਕਾਜ਼ੀ, ਰੰਧਾਵਾ ਮਸੰਦਾ, ਕਾਹਲਵਾਂ, ਲਾਂਬੜਾ ਤੇ ਕਰਤਾਰਪੁਰ ਕਸਬੇ ਦੇ ਚੰਦਨ ਨਗਰ ਤੇ ਆਦਰਸ਼ ਨਗਰ ਵਿੱਚ ਸੰਬੋਧਨ ਕਰਦਿਆਂ ਚੌਧਰੀ ਸੰਤੋਖ ਸਿੰਘ ਨੇ ਕਿਹਾ ਕਿ ਮੋਦੀ ਨੇ ਦਲਿਤਾਂ ਉਪਰ ਜ਼ੁਲਮਾਂ ਨਾਲ ਸਬੰਧਤ ਕਾਨੂੰਨ ਦੀ ਸੁਪਰੀਮ ਕੋਰਟ ਵਿਚ ਚੰਗੇ ਢੰਗ ਨਾਲ ਪੈਰਵੀ ਨਾ ਕਰਕੇ ਇਸ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਿਸ ਤੋਂ ਇਹ ਗੱਲ ਪੂਰੀ ਤਰ੍ਹਾਂ ਨਾਲ ਸਾਫ ਹੋ ਜਾਂਦੀ ਹੈ ਕਿ ਉਹ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦੀ ਵਿਚਾਰਧਾਰਾ ਦੇ ਉਲਟ ਕੰਮ ਕਰ ਰਹੇ ਹਨ।

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ**
**ਰਵਿਦਾਸ ਦਾਸ ਪਰਾਧੀਨ ਸੌਂ ਕੌਨ ਕਰੈ ਹੈ ਪ੍ਰੀਤ**






ਬਸਪਾ ਯੂਨਿਟ ਪਿੰਡ ਤਾਜਪੁਰ-ਭਗਵਾਨਪੁਰ

**ਸੁੱਖਰਾਮ ਚੰਦੜ ਤਾਜਪੁਰੀ ਅਤੇ ਉਹਨਾਂ ਦਾ ਸਪੁੱਤਰ ਨੀਰਜ ਕੁਮਾਰ ਚੰਦੜ ਤਾਜਪੁਰੀ**



ਅੱਜ ਬਸਪਾ ਮੁਖੀ ਮਾਇਆਵਤੀ ਅਤੇ ਸਪਾ ਮੁਖੀ ਅਖਿਲੇਸ਼ ਯਾਦਵ ਦੀ ਰੈਲੀ ਦੇਖੀ। ਸੰਤ ਕਬੀਰ ਨਗਰ ਅਤੇ ਜੌਨਪੁਰ ਵਿਚ। ਵਰਕਰਾਂ ਨੇ ਦੱਸਿਆ ਕਿ ਇਹ ਗੱਠਜੋੜ ਪਹਿਲਾਂ ਉਹਨਾਂ ਦੇ ਪੱਧਰ 'ਤੇ ਹੋਇਆ ਹੈ, ਫਿਰ ਵੱਡੇ ਲੀਡਰਾਂ ਵਿਚਕਾਰ ਹੋਇਆ ਹੈ। ਅਖਿਲੇਸ਼ ਯਾਦਵ ਨੇ ਵਰੁਣ ਗਾਂਧੀ ਦੇ ਬਿਆਨ ਦਾ ਜਵਾਬ ਦਿੱਤਾ। ਕਿਹਾ ਕਿ ਸਾਨੂੰ ਕੰਡੇ ਚੁੱਕਣ ਵਾਲੇ ਕਹਿੰਦੇ ਹਨ। ਸੰਵਿਧਾਨ ਨਾ ਹੁੰਦਾ ਤਾਂ ਇਹ ਮੱਠਾਂ ਵਿਚ ਘੰਟੇ ਵਜਾ ਰਹੇ ਹੁੰਦੇ। ਮਾਇਆਵਤੀ ਨੇ ਕਿਹਾ ਕਿ ਨਮੋ ਨਮ: ਦਾ ਵਕਤ ਚਲਾ ਗਿਆ। ਦੋਵਾਂ ਨੂੰ ਉਹਨਾਂ ਦੇ ਮੰਚ 'ਤੇ ਅਲੱਗ-ਅਲੱਗ ਅਤੇ ਇਕੱਠੇ ਬੋਲਦੇ ਸੁਣਿਆ। ਦੋਵਾਂ ਦੇ ਸਮਰਥਕਾਂ ਦਾ ਜੋਸ਼ ਅਸਮਾਨ 'ਤੇ ਸੀ। ਦਿੱਲੀ ਦੇ ਅਖਬਾਰਾਂ ਦੀ ਤੁਲਨਾ ਵਿਚ ਮਹਾਂ-ਗੱਠਜੋੜ ਦੀ ਰੈਲੀ ਦੀ ਕਹਾਣੀ ਅਲੱਗ ਹੈ।













ਪੀਡੀਏ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਬਲਵਿੰਦਰ ਕੁਮਾਰ ਜੀ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਝੰਡੇ ਤੇ ਪੋਸਟਰ ਲਗਾਕੇ, ਕੋਟ ਖੁਰਦ ਦੇ ਵਰਕਰਾਂ ਨੇ ਭਰੋਸਾ ਦਿਵਾਇਆ ਕਿ ਅਸੀਂ ਵੱਧ ਤੋਂ ਵੱਧ ਗਿਣਤੀ ਵਿੱਚ ਵੋਟਾਂ ਪਾਕੇ ਕਾਮਯਾਬ ਕਰਾਂਗੇ ਸਮਾਜ ਦੇ ਸਤਿਕਾਰਯੋਗ ਵਰਕਰੋ ਮਾਣ ਹੈ। ਸਾਨੂੰ ਤੁਹਾਡੇ ਤੇ, ਪੀਡੀਏ ਤੇ ਬਹੁਜਨ ਸਮਾਜ ਪਾਰਟੀ ਜਿੰਦਾਬਾਦ ਜਿੰਦਾਬਾਦ। ਬਸਪਾ ਲਿਆਓ ਦੇਸ਼ ਬਚਾਓ।

**ਡੋਰ ਟੂ ਡੋਰ ਪਿੰਡ ਢੱਡਾ ਸਨੋਰਾ**

ਜਨਰਲ ਸੈਕਟਰੀ ਅਮਰਜੀਤ ਨੰਗਲ ਅਰ-ਾਈਆ, ਵਿਜੇ ਸੱਧਾ ਚੱਕ, ਚਮਨ ਘੌੜਾਵਾਹੀ, ਰਿੰਕੂ ਮੋਗਾ,



ਅਸ਼ੋਕ ਮੋਗਾ, ਰਿੱਖੀ ਸੱਗਰਾਂਵਾਲੀ।

ਪਿੰਡ ਚੁਖ਼ਿਆਰਾ ਵਿਖੇ ਵਿਸ਼ਾਲ ਚੋਣ ਮੀਟਿੰਗ ਕੀਤੀ ਗਈ। ਜਿਸ ਨੂੰ ਪੂਜਾ ਅੰਬੇਡਕਰ ਹਰੀਪੁਰ ਨੇ ਸੰਬੋਧਨ ਕੀਤਾ।ਮੀਟਿੰਗ ਵਿੱਚ ਬੀਬੀਆਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਵਿਸ਼ਵਾਸ ਦੁਆਇਆ ਕਿ 19 ਤਾਰੀਖ਼ ਨੂੰ ਪਿੰਡ ਚੁਖਿਆਰਾ ਤੋਂ ਵੱਡੀ ਲੀਡ ਨਾਲ ਫਧਓ ਉਮੀਦਵਾਰ ਨੂੰ ਜਿਤਾਇਆ ਜਾਵੇਗਾ। ਪਿੰਡ ਦਿਵਾਲੀ ਵਿਖੇ ਇਕ ਮੀਟਿੰਗ ਦੌਰਾਨ ਲੋਕਾਂ ਦਾ ਭਾਰੀ। ਇਕੱਠ ਨੇ ਇਹ ਭਰੋਸਾ ਦਿਵਾਇਆ ਕਿ ਇਸ ਬਾਰ ਪੰਜਾਬ ਡੈਮੋਕ੍ਰੇਟਿਕ ਆਲਿੰਸ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਬਲਵਿੰਦਰ ਕੁਮਾਰ ਜੀ ਹੀ ਜਲੰਧਰ ਤੋਂ ਜਿੱਤਣਗੇ ਇਹ ਤਾਂ ਅਖਬਾਰਾਂ ਨੇ ਵੀ ਸ਼ਪੱਸ਼ਟ ਕਰ ਦਿੱਤਾ ਹੈ। ਕੇ ਹਾਥੀ ਇਸ ਬਾਰ ਦਿੱਲੀ ਵੱਲ ਤੁਰ ਪਿਆ। ਹੁਣ ਤੇ ਪਾਰਲੀਮੈਂਟ ਵਿੱਚ ਹੀ ਰੁਕੇਗਾ। ਆਓ ਮਿਲਕੇ ਇਨਾਂ ਸਰਕਾਰਾਂ, ਨੂੰ, ਲਾਮਵੰਦ ਕਰੀਏ । ਸਮਾਨਤਾ ਦਾ ਰਾਜ ਲਿਆਇਏ। ਜੈ ਭੀਮ ਜੈ ਭਾਰਤ।



# ਗੱਠਜੋੜ ਵਿਚ ਤਰੇੜ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਭਾਜਪਾ: ਮਾਇਆਵਤੀ

**ਬਸਤੀ (ਯੂਪੀ)–** ਬਸਪਾ ਸੁਪਰੀਮੋ ਮਾਇਆਵਤੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਦੇ 'ਨਿਰਾਸ਼' ਆਗੂ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿਚਾਲੇ ਤਰੇੜ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮਾਇਆਵਤੀ ਨੇ ਮੋਦੀ ਵੱਲੋਂ ਪ੍ਰਤਾਪਗੜ੍ਹ ਵਿਚ ਕੀਤੀ ਚੋਣ ਰੈਲੀ ਦਾ ਹਵਾਲਾ ਦਿੱਤਾ, ਜਿੱਥੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਸਮਾਜਵਾਦੀ ਪਾਰਟੀ ਬਸਪਾ ਦੇ ਉਲਟ ਕਾਂਗਰਸ ਖ਼ਿਲਾਫ਼ 'ਨਰਮੀ ਵਰਤ ਰਹੀ ਹੈ'। ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਸੀ ਕਿ ਸਪਾ ਨੂੰ ਗੱਠਜੋੜ ਤੋਂ ਫਾਇਦਾ ਮਿਲਿਆ ਹੈ ਤੇ ਮਾਇਆਵਤੀ ਨੂੰ ਹੁਣ ਇਹ ਸਮਝ ਆ ਗਿਆ ਹੈ ਕਿ ਅਖਿਲੇਸ਼ ਤੇ ਕਾਂਗਰਸ ਉਸ ਨਾਲ 'ਵੱਡੀ ਖੇਡ' ਖੇਡ ਰਹੇ ਹਨ। ਮਾਇਆਵਤੀ ਨੇ ਕਿਹਾ ਕਿ ਭਾਜਪਾ ਨੂੰ ਕੁੱਝ ਸੁੱਝ ਨਹੀਂ ਰਿਹਾ ਤੇ ਹੁਣ ਗੱਠਜੋੜ 'ਚ ਅੜਿੱਕੇ ਪਾਉਣ ਲਈ ਉਹ ਹਰ ਹੀਲਾ ਵਰਤ ਰਹੀ ਹੈ। ਬਸਪਾ ਸੁਪਰੀਮੋ ਨੇ ਦਾਅਵਾ ਕੀਤਾ ਕਿ ਗੱਠਜੋੜ ਦੇ ਉਮੀਦਵਾਰ ਪਹਿਲੇ ਚਾਰ ਗੇੜਾਂ ਦੀਆਂ ਵੋਟਾਂ 'ਚ ਭਾਜਪਾ ਉਮੀਦਵਾਰਾਂ ਤੋਂ ਕਿਤੇ ਅੱਗੇ ਹਨ।



**ਭਾਜਪਾ ਵੱਲੋਂ ਅਖਿਲੇਸ਼ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ**

ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਜ਼ਿਲ੍ਹੇ 'ਚ ਦੋ ਨਾਬਾਲਗ ਲੜਕਿਆਂ ਕੋਲੋਂ ਚੋਣ ਪ੍ਰਚਾਰ ਕਰਵਾਉਣ ਦੇ ਦੋਸ਼ ਹੇਠ ਭਾਜਪਾ ਨੇ ਸਪਾ ਮੁਖੀ ਅਖਿਲੇਸ਼ ਯਾਦਵ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਭਾਜਪਾ ਨੇ ਸ਼ਿਕਾਇਤ ਵਿਚ ਕਿਹਾ ਹੈ ਕਿ ਲੜਕਿਆਂ ਦੇ ਸਰੀਰ 'ਤੇ ਸਪਾ ਤੇ ਬਸਪਾ ਦੇ ਪ੍ਰਚਾਰ ਸਬੰਧੀ ਸ਼ਬਦ ਲਿਖੇ ਗਏ ਹਨ ਜੋ ਕਿ ਜ਼ਾਬਤੇ ਦੀ ਉਲੰਘਣਾ ਹੈ।

**ਧਰਮਿੰਦਰ ਦੇ ਜੱਦੀ ਪਿੰਡ ਦੀ ਪੰਚਾਇਤ ਗੁਰਦਾਸਪੁਰ ਪਹੁੰਚੀ**

ਜੋ ਆਦਮੀ ਆਪਣੇ ਪਿਤਾ ਦੇ ਜੱਦੀ ਪਿੰਡ ਵਿੱਚ ਕਦੀ ਆਇਆ ਹੀ ਨਹੀਂ ਅਤੇ ਪਿੰਡ ਲਈ ਕੁਝ ਨਹੀਂ ਕਰ ਸਕਿਆ, ਉਹ ਗੁਰਦਾਸਪੁਰ ਵਾਸਤੇ ਕੀ ਕਰੇਗਾ। ਲੋਕਾਂ ਨੂੰ ਉਸ ਦੀਆਂ ਗੱਲਾਂ ਵਿੱਚ ਆਉਣ ਤੋਂ ਬਚਣਾ ਚਾਹੀਦਾ ਹੈ। ਇਹ ਗੱਲ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਭਾਜਪਾ ਉਮੀਦਵਾਰ ਸਨੀ ਦਿਓਲ ਦੇ ਪਿਤਾ ਧਰਮਿੰਦਰ ਦੇ ਜੱਦੀ ਪਿੰਡ ਡਾਂਗੋ ਦੇ ਸਰਪੰਚ ਅੰਮ੍ਰਿਤਪਾਲ ਸਿੰਘ ਬੌਬੀ ਨੇ ਪਿੰਡ ਦੀ ਪੰਚਾਇਤ, ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਜੀਵਨ ਸਿੰਘ ਅਤੇ ਨੰਬਰਦਾਰ ਚਰਨਜੀਤ ਸਿੰਘ ਦੇ ਨਾਲ ਗੁਰਦਾਸਪੁਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।

ਮੁੰਬਈ ਜਾਣ ਤੋਂ ਬਾਅਦ ਧਰਮਿੰਦਰ ਨੇ ਕਦੀ ਪਿੰਡ ਦਾ ਰੁੱਖ ਨਹੀਂ ਕੀਤਾ ਹਾਲਾਂਕਿ ਉਹ ਜਿਸ ਮੁਕਾਮ 'ਤੇ ਪਹੁੰਚ ਚੁੱਕੇ ਹਨ ਉਹ ਪਿੰਡ ਲਈ ਬਹੁਤ ਕੁਝ ਕਰ ਸਕਦੇ ਸਨ।



ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ ਦੀ ਟੀਮ ਸ੍ਰੀ ਖਡੂਰ ਸਾਹਿਬ ਤੋਂ ਲੋਕ ਸਭਾ ਸੀਟ ਲਈ ਬੀਬੀ ਪਰਮਜੀਤ ਕੌਰ ਖਾਲੜਾ ਦੀ ਸਪੁੱਤਰੀ ਬੀਬਾ ਨਵਕਿਰਨ ਕੌਰ ਖਾਲੜਾ ਨਾਲ, ਨਿਊਯਾਰਕ 'ਚ ਇਕ ਮੀਟਿੰਗ ਦੌਰਾਨ।
**ਫੋਟੋ ਅਤੇ ਵੇਰਵਾ– ਹਰਜਿੰਦਰ ਕੁਮਾਰ**

# ਕਾਂਸ਼ੀ ਰਾਮ ਕਲੇਰ ਦੀ ਅੰਤਿਮ ਅਰਦਾਸ ਜੰਡੂ ਸਿੰਘਾ ਵਿਖੇ ਹੋਈ

**ਜਲੰਧਰ–** ਸ੍ਰੀ ਗੁਰੂ ਰਵਿਦਾਸ ਅਤੇ ਡਾ ਅੰਬੇਡਕਰ ਮਿਸ਼ਨ ਦੇ ਪ੍ਰਸਿੱਧ ਵਿਦਵਾਨ, ਚਿੰਤਕ, ਪ੍ਰਚਾਰਕ, ਬੁਲਾਰੇ ਅਤੇ ਸਮਾਜ ਸੇਵੀ ਸ੍ਰੀ ਕਾਂਸ਼ੀ ਰਾਮ ਕਲੇਰ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਮੰਦਰ ਪਿੰਡ ਜੰਡੂ ਸਿੰਘਾ ਵਿਖੇ ਅੰਮਿ-ਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਭੋਗ ਤੋਂ ਉਪਰੰਤ ਠੀਕ 12:30 ਵਜੇ ਹੋਈ ! ਸ੍ਰੀ ਕਾਂਸ਼ੀ ਰਾਮ ਕਲੇਰ ਨੇ ਆਪਣਾ ਸਾਰਾ ਜੀਵਨ ਬਹੁਜਨ ਸਮਾਜ ਦੇ ਰਹਿਬਰਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਲਗਾਇਆ। ਉਨ੍ਹਾਂ ਦਾ ਜਨਮ ਮਾਤਾ ਕਿਸ਼ਨੀ ਦੇਵੀ ਦੀ ਕੁੱਖੋਂ ਪਿਤਾ ਭਗਤ ਰਾਮ ਦੇ ਘਰ 1960 ਈਸਵੀ ਵਿੱਚ ਜੰਡੂ ਸਿੰਘਾ ਵਿਖੇ ਹੋਇਆ। ਉਹਨਾਂ ਬਚਪਨ ਤੋਂ ਹੀ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਜੁੜ ਕੇ ਧਾਰਮਿਕ ਤੇ ਸਮਾਜਿਕ ਗਤੀ-ਵਿਧੀਆਂ ਵਿੱਚ ਮੋਹਰੀ ਹੋ ਕੇ ਭੂਮਿਕਾ ਨਿਭਾਈ । 20 ਸਾਲ ਤੋਂ ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਦੀਆਂ ਸੇਵਾਵਾਂ ਤੇ ਕਾਰਜਸ਼ੀਲ ਸਨ । ਉਹ ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਸੀਨੀਅਰ ਮੈਂਬਰ ਵੀ ਸਨ।




## SRI GURU RAVIDASS SABHA PITTSBURG (CA)

2150 CRESTVIEW DRIVE, Pittsburg CA 94565 Tel: (925) 439-2355

**ਸ੍ਰੀ ਗੁਰੁ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ**

*Guru Piari Sadh Sangat Ji,*

*Devoted families are requesting entire Sangat to attend the following functions:*

**May 19, 2019**

*Sukhmani Sahib Path Langar Sewa by Bhai Joginder Singh and Bibi Gurmeet Kaur*

*Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.*

*"NANAK NAM CHARDI KALA TERE BHANE SARBAT DA BHALA"*

*Please visit Gurughar website for information: WWW.SriGuruRavidassTemple.com*

*NOTE: Sewa is available for the dates with ***.*

*Please contact General Secretary at 209.834.4641 for more information.*

Sangat Sewadars

| Chairman Ramesh Suman 925-366-3618 | President Kashmiri Bhatia 408-460-0262 |
|---|---|
| General Secretary Dilbag Singh 209-834-4641 | Treasurer Narinder Chahal 209- 627-7974 |




ਡਾ. ਧਰਮਵੀਰ ਗਾਂਧੀ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ। ਉਹ ਪਿਛਲੀ ਵਾਰ ਆਮ ਆਦਮੀ ਪਾਰਟੀ ਤੋਂ ਜਿੱਤੇ ਸਨ। ਉਹ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਸਾਂਝੇ ਉਮੀਦਵਾਰ ਹਨ। ਡਾ. ਗਾਂਧੀ ਪੰਜਾਬ ਵਿਚ ਨਸ਼ਿਆਂ ਦੀ ਬਿਮਾਰੀ ਦੇ ਖਿਲਾਫ ਲੜਾਈ ਲੜ ਰਹੇ ਹਨ। ਉਹ ਕਿਸਾਨਾਂ ਦੇ ਖੇਤੀਬਾੜੀ ਵਿਚ ਸੰਘਰਸ਼, ਪੰਜਾਬ ਦੇ ਪਾਣੀਆਂ ਦੀ ਮੁੜ ਵਾਪਸੀ, ਵਿਦੇਸ਼ਾਂ ਨੂੰ ਹੁੰਦੇ ਪ੍ਰਵਾਸ, ਪਿੰਡਾਂ ਦੀਆਂ ਮੁਸ਼ਕਿਲਾਂ ਅਤੇ ਬੇਰੁਜਗਾਰੀ ਵਰਗੇ ਮੁੱਦਿਆਂ ਤੇ ਚੋਣ ਲੜ ਰਹੇ ਹਨ। ਡਾ. ਗਾਂਧੀ ਜੋ ਕਿ ਇਕ ਮਾਹਿਰ ਡਾਕਟਰ ਹਨ, ਆਪਣੇ ਖੇਤਰ ਵਿਚ ਲਗਾਤਾਰ ਗਰੀਬ ਲੋਕਾਂ, ਦਲਿਤ ਵਰਗ ਦੀ ਮਦਦ ਕਰਦੇ ਹਨ ਅਤੇ ਆਵਾਜ ਉਠਾਉਂਦੇ ਆ ਰਹੇ ਹਨ ਅਤੇ ਮੁਫਤ ਦਵਾਈਆਂ ਅਤੇ ਇਲਾਜ ਕਰਦੇ ਹਨ। ਉਹ ਲੋਕ ਸਭਾ ਵਿਚ ਪੰਜਾਬ ਦੇ ਇਕੋ ਇਕ ਐਮ. ਪੀ. ਰਹੇ ਹਨ, ਜਿਹਨਾਂ ਨੇ ਪੰਜਾਬ ਦੀਆਂ ਸਾਰੀਆਂ ਮੁਸ਼ਕਿਲਾਂ ਨੂੰ ਲੋਕ ਸਭਾ ਵਿਚ ਉਠਾਇਆ ਹੈ।

Dr Dharamvira Gandhi is contesting from Patiala Parliamentary constituency. He is the common candidate of Punjab Democratic Alliance. Dr Gandhi has been struggling to help Youth get rid of drugs, Kisans to overcome their staggering agricultural crisis, bring back the lost Punjab waters, reaching out to the trapped migrants abroad, annihilate caste evil by convincing villagers of his constituency to put an end to separate cremation grounds. He has been actively involved in social services in Punjab over the last forty years. He is among the very few members of Parliament (MPs) who brought Punjab at the centre stage of discussion in the Lok Sabha!

**Swift code ORBCINBBPTL**




# ਬੇਮੁਖ ਲੋਕਾਂ ਨੂੰ ਸੁਨੇਹਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਦੂਸਰੇ ਧਰਮਾਂ ਦੀ ਡੰਗੋਰੀ ਨਾਲੋਂ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**

ਕੌਮੀ ਉਡਾਰੀਆਂ (ਜਲੰਧਰ)

14 ਜਨਵਰੀ 1986 'ਚੋਂ ਧੰਨਵਾਦ ਸਹਿਤ

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-102

## ਗਊ, ਬੈਲ, ਬੀਫ ਅਤੇ ਗਊਸ਼ਾਲਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗੋ, ਗਊ, ਗਾਂ, ਤੇ ਗਾਇ ਸਮ ਅਰਥਕ ਸ਼ਬਦ ਹਨ। ਬੈਲ-ਬਲਦ (ਗਊ ਮੇਲ ਪਸ਼ੂ) ਬੀਫ (ਗੋ-ਮਾਸ) ਗਊਸ਼ਾਲਾ-ਕਾਓ ਹਊਸ, ਜਾਂ ਕਾਓਸ਼ੈਡ। ਗਊ ਲਫਜ਼ "ਸ਼ਬਦ ਗੁਰੂ ਗ੍ਰੰਥ" ਵਿਖੇ ਵੀ ਮੁਹਾਵਰੇ, ਖਿਮਾ, ਨਿਮਰਤਾ, ਸਾਊ ਅਤੇ ਦੁਧਾਰੂ ਗਾਂ ਲਈ ਆਇਆ ਹੈ-ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥ (੧੬੪) ਗਊ ਕਉ ਚਾਰੇ ਸਾਰਦੂਲੁ॥ (੮੯੮) ਭਾਵ ਇੰਦ੍ਰੀਆਂ ਰੂਪ ਗਊਆਂ ਦੀ ਹੰਕਾਰ ਰੂਪੀ ਸ਼ੇਰ ਰੱਖਿਆ ਕਰਦਾ ਹੈ। ਇੱਥੇ ਅੱਖਰੀ ਅਰਥ ਨਹੀਂ ਕਿਉਂਕਿ ਸ਼ੇਰ ਤਾਂ ਗਊ-ਭਕਸ਼ ਨਾ ਕਿ ਗਊ-ਰੱਖਿਅਕ ਹੈ। ਗਊ ਨਿਮਰਤਾ ਤੇ ਸ਼ੇਰ ਹੰਕਾਰ ਦਾ ਰੂਪ ਵੀ ਵਰਤਿਆ ਗਿਆ ਹੈ। ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥ (੧੩੧੯) ਹੇ ਪ੍ਰਭੂ ਮੇਰੇ ਅੰਦਰ ਦੂਜਿਆਂ ਦੀ ਵਧੀਕੀ ਸਹਾਰਨ ਦਾ ਸੁਭਾਵ ਤੇ ਜਿਗਰਾ ਪੈਦਾ ਕਰ, ਤਾਂ ਕਿ ਮੇਰੀ ਇਸ ਖਿਮਾ ਲਵੇਰੀ ਗਾਂ ਦਾ ਮਨ ਰੂਪ ਵੱਛਾ ਟਿਕ ਕੇ ਸ਼ਾਤੀ ਦਾ ਦੁੱਧ ਪੀ ਸੱਕੇ। ਬਿਨੁ ਅਸਥਨ ਗਊ ਲਵੇਰੀ॥ (੧੧੯੪) ਭਾਵ ਮਾਇਆ ਰੂਪ ਗਾਂ ਬਿਨਾਂ ਥਨਾਂ ਤੋਂ ਪਦਾਰਥਾਂ ਦੇ ਦੁੱਧ ਨਾਲ ਲਵੇਰੀ ਰਹਿੰਦੀ ਹੈ।

ਗਊ ਚਾਰ ਪੈਰਾਂ, ਚਾਰ ਥਣਾ ਤੇ ਘਾਹ ਫੂਸ ਖਾਣ ਵਾਲਾ ਦੁਧਾਰੂ ਪਸ਼ੂ ਜਿਸ ਦਾ ਦੁੱਧ ਸਿਹਤ ਲਈ ਉੱਤਮ ਮੰਨਿਆ ਗਿਆ ਅਤੇ ਇਸ ਦੇ ਮੇਲ ਬੱਚੇ ਬੈਲ ਜੋ ਕਿਸਾਨ ਆਦਿਕਾਂ ਲਈ ਖੇਤਾਂ 'ਚ ਹਲ, ਬੈਲ-ਗੱਡੀ ਤੇ ਕੋਹਲੂ ਆਦਿਕ ਚਲਾਣ ਲਈ ਵਰਤੇ ਜਾਂਦੇ ਹਨ। ਜਿੱਥੇ ਭਾਰਤ ਵਿੱਚ ਇਸ ਦਾ ਜਿਆਦਾ ਦੁੱਧ ਪੀਤਾ ਜਾਂਦੈ, ਕਈ ਹਿੰਦੂ ਮੂਤ੍ਰ ਵੀ ਪੀਂਦੇ ਪਰ ਮੁਸਲਮ, ਇਸਾਈ, ਸਿੱਖ ਤੇ ਹੋਰ ਬਹੁਤੇ ਲੋਕ ਦੁੱਧ ਪੀਂਦੇ ਤੇ ਬੀਫ ਵੀ ਖਾਂਦੇ ਹਨ। ਮੋਦੀ ਦੇ ਮਿਤ੍ਰ ਨਵੀਨ-ਯੋਗੀ ਬਾਬੇ ਰਾਮਦੇਵ ਨੇ ਤਾਂ ਗਊ ਮੂਤ੍ਰ, ਦੁੱਧ ਨਾਲੋਂ ਮਹਿੰਗਾ ਤੇ ਗੋਬਰ ਵੀ ਮਹਾਨ ਕਰਤਾ ਹੈ। ਵਿਕੀਪੀਡੀਆ ਅਨੁਸਾਰ ਬੀਫ ਪਸ਼ੂਆਂ (ਗਾਵਾਂ) ਤੋਂ ਬਣਨ ਵਾਲੇ ਮਾਸ ਲਈ ਰਸੋਈ ਨਾਮ ਹੈ, ਖਾਸ ਤੌਰ ਤੇ ਪਿੰਜਰ ਮਾਸਪੇਸ਼ੀ। ਇਤਿਹਾਸਕ ਸਮੇਂ ਤੋਂ ਇਨਸਾਨ ਗਾਵਾਂ ਦਾ ਮਾਸ ਖਾ ਰਹੇ ਹਨ। ਬੀਫ ਉੱਚ ਗੁਣਵੱਤਾ ਵਾਲੇ ਪ੍ਰੋਟੀਨ ਅਤੇ ਪੌਸ਼ਟਿਕ ਤੱਤ ਦਾ ਇੱਕ ਸਰੋਤ ਹੈ। ਡਾ. ਦਿਲਗੀਰ ਅਨੁਸਾਰ ਹਿੰਦੂਆਂ ਨੇ ਗਾਂ ਦੀ ਪੂਜਾ ਜੈਨੀਆਂ ਵੱਲ ਵੇਖ ਸ਼ੁਰੂ ਕੀਤੀ। ਪਹਿਲੇ ਤਾਂ ਹਿੰਦੂ ਗਊ ਦੀ ਬਲੀ ਦਿੰਦੇ, ਗੋਮੇਧ ਯੱਗ ਕਰਦੇ ਅਤੇ ਇਸ ਦਾ ਮਾਸ ਵੀ ਖਾਂਦੇ ਸਨ। ਹੁਣ ਵੀ ਵਿਦੇਸ਼ਾਂ 'ਚ ਬਹੁਤੇ ਹਿੰਦੂ ਬੀਫ ਬਰਗਰ ਤੇ ਪਿਤਸੇ ਪੀਜ਼ੇ ਖਾਂਦੇ ਹਨ।

ਗਊਆਂ ਦੇ ਆਮ ਤੌਰ ਤੇ ਤਿੰਨ ਵਰਗ ਹਨ। ਪਹਿਲਾ ਵਰਗ ਜੋ ਦੁੱਧ ਤਾਂ ਦਿੰਦੀਆ ਪਰ ਇਨ੍ਹਾਂ ਦੇ ਵੱਛੇ ਖੇਤੀ ਲਈ ਕਮਜੋਰ ਹਨ। ਦੂਜੇ ਵਰਗ ਦੀਆਂ ਗਾਵਾਂ ਜਿਨ੍ਹਾਂ ਦੇ ਵੱਛੇ ਸਖਤ ਮਿਹਨਤੀ ਬੈਲ ਪਰ ਇਹ ਦੁੱਧ ਘੱਟ ਦਿੰਦੀਆਂ ਹਨ। ਤੀਜੀ ਮਿਲਗੋਭਾ ਕਿਸਮ ਦੀਆਂ ਗਾਵਾਂ ਦੁੱਧ ਵੀ ਵੱਧ ਦਿੰਦੀਆਂ ਤੇ ਇਨ੍ਹਾਂ ਦੇ ਵੱਛੇ ਵੀ ਕੰਮਾਂ ਲਈ ਤਕੜੇ ਹੁੰਦੇ ਹਨ। ਅਮਰੀਕਨ ਗਾਵਾਂ ਜੋ ਸਭ ਤੋਂ ਵੱਧ ਦੁੱਧ ਦਿੰਦੀਆਂ ਤੇ ਇਨ੍ਹਾਂ ਦੀ ਬ੍ਰੀੜ ਹੁਣ ਭਾਰਤ ਤੇ ਹੋਰ ਮੁਲਕਾਂ ਵਿੱਚ ਵੀ ਪਹੁੰਚ ਚੁੱਕੀ ਹੈ।


ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਗਊ ਹਿੰਦੂ ਧਰਮ ਵਾਲਿਆਂ ਦਾ ਪਵਿਤ੍ਰ ਪਸ਼ੂ ਤੇ ਉਹ ਇਸ ਨੂੰ ਮਾਂ ਕਹਿੰਦੇ ਹਨ। ਪਵਿਤ੍ਰ ਸਮਝਣ ਦਾ ਇਕ ਕਾਰਨ ਤਾਂ ਯੱਗ ਹੋਮ ਦੇ ਪਦਾਰਥ (ਘਿਉ, ਦੁੱਧ, ਦਹੀਂ ਆਦਿ) ਇਸ ਤੋਂ ਮਿਲਦੇ ਹਨ। ਦੂਜਾ ਸ੍ਰੀ ਕ੍ਰਿਸ਼ਨ ਨਾਲ ਇਸ ਦਾ ਗੂੜਾ ਸਬੰਧ, ਤੀਜਾ ਇਸ ਨੂੰ ਵੇਦ ਪ੍ਰਿਥਵੀ ਅਤੇ ਬ੍ਰਾਹਮਣ ਦਾ ਪ੍ਰਤੀਕ ਸਮਝਿਆ ਜਾਂਦੈ, ਚੌਥਾ ਇਸ ਦੇ ਬਲਦਾਂ ਨੂੰ ਹਲ ਆਦਿ ਲਈ ਵਰਤ ਕੇ ਅਨਾਜ ਪੈਦਾ ਕੀਤਾ ਜਾਂਦਾ ਹੈ। ਇਹੀ ਕਾਰਨ ਹਿੰਦੂਆਂ 'ਚ ਵਿਸ਼ੇਸ਼ ਤੌਰ ਗਊ ਦੀ ਕਸਮ ਖਾਦੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਵੀ ਹਿੰਦੂਆਂ ਦੇ ਗਊ ਤੇ ਮੁਸਲਮਾਨਾਂ ਦੇ ਸੂਰ ਨਾ ਖਾਣ ਦਾ ਜਿਕਰ ਕਰਦੇ ਹਨ-ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥(੧੪੧) ਹਿੰਦੂ ਮਤਿ 'ਚ ਗਊ ਸੇਵਾ ਤੇ ਰੱਖਿਆ ਦਾ ਵਿਸ਼ੇਸ਼ ਮਹੱਤਵ ਸਮਝ ਬਿਰਧ ਗਊਆਂ ਲਈ ਧਰਮਸ਼ਾਲਾ ਵੀ ਬਣਾਈਆਂ ਜਾਂਦੀਆਂ ਹਨ। ਹਿੰਦੂਨੁਮਾ ਨਾਮਧਾਰੀ ਕੂਕੇ ਇਸ ਦਾ ਇਨ੍ਹਾਂ ਸਤਿਕਾਰ ਕਰਦੇ ਨੇ ਕਿ ਅੰਗ੍ਰੇਜ ਰਾਜ ਵੇਲੇ ਬੁੱਚੜਾਂ ਨੂੰ ਮਾਰਨ ਕਰਕੇ ਨਾਮਧਾਰੀਆਂ ਨੂੰ ਮਰੇਲਕੋਟਲਾ ਵਿਖੇ ਤੋਪਾਂ ਨਾਲ ਉਡਾਇਆ ਗਿਆ।

ਨੋਟ-ਅਮਰੀਕਾ ਕਨੇਡਾ ਅਸਟ੍ਰੇਲੀਆ ਆਦਿਕ ਵਿਗਸਿਤ ਦੇਸ਼ਾਂ ਵਿੱਚ ਦੁਧਾਰੂ ਪਸ਼ੂਆਂ ਦੀ ਖੂਬ ਦੇਖਭਾਲ-ਸੇਵਾ ਕੀਤੀ ਜਾਂਦੀ, ਉਨ੍ਹਾਂ ਨੂੰ ਅਵਾਰਾ ਨਹੀਂ ਛੱਡਿਆ ਜਾਂਦਾ ਪਰ ਭਾਰਤ ਜਿੱਥੇ ਗਾਂ ਨੂੰ ਗਊ ਮਾਤਾ ਕਹਿ ਕੇ ਬਹੁ ਗਿਣਤੀ ਹਿੰਦੂਆਂ ਵੱਲੋਂ ਪੂਜਿਆ ਜਾਂਦੈ ਓਥੇ ਖੁਰਾਕ ਤੇ ਦੇਖਭਾਲ ਚੰਗੀ ਨਾ ਹੋਣ ਕਰਕੇ ਗਾਵਾਂ ਦੁੱਧ ਘੱਟ ਦਿੰਦੀਆਂ ਤੇ ਇਸ ਲਈ ਬਹੁਤੀਆਂ ਫੰਡਰ ਗਾਵਾਂ ਨੂੰ ਅਵਾਰਾ ਛੱਡ ਦਿੱਤਾ ਜਾਂਦੈ ਜੋ ਕਿਸਾਨਾਂ ਦੀਆਂ ਕੀਮਤੀ ਫਸਲਾਂ ਉਜਾੜਦੀਆਂ ਅਤੇ ਸ਼ਹਿਰਾਂ ਵਿੱਚ ਸੜਕਾਂ ਵਿਚਾਲੇ ਟ੍ਰੈਫਿਕ ਜਾਮ ਕਰਕੇ ਬਹੁਤੇ ਐਕਸੀਡੈਂਟਾਂ ਦਾ ਕਾਰਨ ਬਣ-ਦੀਆਂ ਹਨ। ਅੱਜ (ਇਕਵੀ ਸਦੀ 2014-19) ਭਾਰਤ 'ਚ ਮੋਦੀ ਦੀ ਕੱਟੜ ਹਿੰਦੂ ਸਰਕਾਰ ਹੋਣ ਕਰਕੇ ਗਊ ਟੈਕਸ ਲਿਆ ਜਾ ਰਿਹੈ ਪਰ ਉਹ ਗਊਆਂ ਅਤੇ ਲੋਕ ਭਲਾਈ ਦੇ ਕੰਮਾਂ 'ਤੇ ਨਹੀਂ ਵਰਤਿਆ ਜਾਂਦਾ। ਦੇਖੋ! ਵਿਦੇਸ਼ੀ ਜਾਂ ਗੋਰੇ ਲੋਕ ਦੁੱਧ ਵਾਲੀਆਂ ਤੇ ਮਾਸ ਵਾਲੀਆਂ ਗਾਵਾਂ ਪਾਲਦੇ ਨੇ ਪਰ ਉਨ੍ਹਾਂ ਨੂੰ ਭੁੱਖਾ ਪਿਆਸਾ ਨਹੀਂ ਮਾਰਦੇ ਸਗੋਂ ਚੰਗੀ ਖੁਰਾਕ ਦਿੰਦੇ ਤੇ ਉਨ੍ਹਾਂ ਦੀ ਸਮੇ ਸਮੇਂ ਡਾਕਟਰੀ ਚੈਕਅੱਪ ਕਰਦੇ ਰਹਿੰਦੇ ਹਨ। ਵਿਦੇਸ਼ਾਂ 'ਚ ਲੋਕ ਗਊ ਦਾ ਦੁੱਧ ਵੀ ਪੀਂਦੇ ਤੇ ਮਾਸ ਵੀ ਰੱਜ ਕੇ ਖਾਂਦੇ ਹਨ। ਅਮਰੀਕਾ ਹੀ ਲੈ ਲਉ ਇੱਥੇ ਗੋਰੇ, ਕਾਲੇ, ਚੀਨੇ, ਅਰਬੀ, ਫਾਰਸੀ, ਹਿੰਦੂ, ਮੁਸਲਿਮ ਤੇ ਸਿੱਖ ਆਦਿਕ ਕਰੀਬ ਹਰੇਕ ਕੌਮ ਕਬੀਲੇ ਦੇ ਲੋਕ ਰਹਿੰਦੇ ਹਨ ਪਰ ਕਦੇ ਖਾਣ ਪੀਣ 'ਤੇ ਨਹੀਂ ਲੜਦੇ। ਇਸ ਦੇ ਉਲਟ ਭਾਰਤ ਵਿੱਚ ਧਰਮ. ਮਜਹਬ, ਜਾਤ-ਪਾਤ, ਉਚ-ਨੀਚ, ਅਮੀਰ-ਗਰੀਬ ਤੇ ਖਾਣ-ਪੀਣ ਦੇ ਨਾਂ ਤੇ ਰੋਜ਼ਾਨਾ ਖਾਹ-ਮਖਾਹ ਝਗੜੇ ਤੇ ਕਤਲ ਹੁੰਦੇ ਰਹਿੰਦੇ ਹਨ। ਧਨਾਡ ਤੇ ਲੀਡਰ ਟਾਈਪ ਹਿੰਦੂ ਜੋ ਵੱਡੇ ਵੱਡੇ ਬੁੱਚੜਖਾਨਿਆਂ ਦੇ ਮਾਲਕ ਤੇ ਵੱਡੀ ਪੱਧਰ ਤੇ ਬੀਫ ਵਿਦੇਸ਼ਾਂ ਨੂੰ ਸਪਲਾਈ ਕਰਦੇ ਨੇ ਪਰ ਮੁਤੱਸਬੀ, ਮੁਸ਼ਟੰਡੇ ਤੇ ਬਦਮਾਸ਼ ਹਿੰਦੂ ਮੁਸਲਮਾਨਾਂ ਅਤੇ ਦੁੱਧ ਲਈ ਗਊਆਂ ਪਾਲਣ ਵਾਲਿਆਂ ਨੂੰ ਪਰੇਸ਼ਾਨ ਕਰਦੇ, ਧਮਕੀਆਂ ਦਿੰਦੇ ਤੇ ਕਲਤ ਵੀ ਕਰ ਰਹੇ ਹਨ। ਦੇਖੋ! ਹਿੰਦੂ ਗ੍ਰੰਥਾਂ ਅਨੁਸਾਰ ਦੇਵੀ ਦੇਵਤੇ ਗਊਮੇਧ ਤੇ ਅਸਮੇਧ ਯੱਗ ਕਰਦੇ ਰਹੇ ਤੇ ਇੰਦ੍ਰ ਦੇਵਤਾ ਸਾਂਢਾਂ ਫੰਡਰ ਗਊਆਂ ਦਾ ਮਾਸ ਖਾਂਦਾ ਸੀ।

ਗਊ ਨਾਲ ਮੁਹਾਵਰੇ ਤੇ ਮਿਥਿਹਾਸਕ ਪੱਖ-ਗਊ ਗਰੀਬ ਮੁਹਾਵਰੇ ਤੇ ਤੌਰ ਤੇ ਵਰਤਿਆ ਜਾਂਦੈ ਵਰਨਾ ਇਕੱਲੀ ਗਊ ਹੀ ਗਰੀਬ ਨਹੀਂ ਬਾਕੀ ਵੀ ਬਹੁਤ ਸਾਰੇ ਮਨੁੱਖ, ਪਸ਼ੂ ਤੇ ਜਾਨਵਰ ਵੀ ਗਰੀਬ (ਹਲੇਮੀ ਸੁਭਾਅ) ਦੇ ਹਨ। ਲਗਦਾ ਪੁਰਾਣੇ ਜ਼ਮਾਨੇ 'ਚ ਜਿਆਦਾ ਲੋਕ ਗਊਆਂ ਪਾਲਦੇ ਤੇ ਖੂੰਖਾਰ ਜਾਨਵਰਾਂ ਤੋਂ ਇੰਨ੍ਹਾਂ ਦੀ ਰੱਖਿਆ ਕਰਦੇ ਕਿਉਂਕਿ ਇਹ ਦੁੱਧ ਘਿਉ ਦਿੰਦੀਆਂ ਤੇ ਇਨ੍ਹਾਂ ਦੇ ਬੱਚੇ ਬੈਲ ਕਿਰਸਾਨਾਂ ਅਤੇ ਬੈਲ ਗੱਡੀਆਂ ਦੇ ਕੰਮ ਆਉਂਦੇ ਸਨ। ਬਾਕੀ ਸਿੱਖਾਂ ਵਿੱਚ "ਗੁਰੂ ਗਰੀਬ ਨਿਵਾਜ਼" ਮੁਹਾਵਰਾ ਵਰਤਿਆ ਜਾਂਦੈ ਨਾ ਕਿ "ਗਊ ਗਰੀਬ ਨਿਵਾਜ਼" ਗਊ ਨੂੰ ਮਿਥਿਹਾਸ 'ਚ "ਕਾਮਧੇਨ" ਇਛਾਵਾਂ ਪੂਰੀਆਂ ਕਰਨ ਵਾਲੀ ਵੀ ਮੰਨਿਆ ਗਿਐ ਪਰ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ-ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥(੬੭੦) ਮੰਨਦੀ ਹੈ।

ਘੋਰ ਬੇਇਨਸਾਫੀ! ਗਊ ਨੂੰ ਮਾਂ ਕਹਿਣ ਵਾਲੇ ਗਊ ਦੇ ਪਤੀ ਨੂੰ ਬਾਪ ਨਹੀਂ ਕਹਿੰਦੇ, ਗਊ ਮਾਵਾਂ ਨੂੰ ਵੀ ਅਵਾਰਾ ਛੱਡਦੇ ਜੋ ਬਾਹਰ ਗੰਦ-ਪਿਲ ਖਾਂਦੀਆਂ ਸ਼ੜਕਾਂ ਤੇ ਫਿਰਦੀਆਂ ਲੋਕਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ। ਜੇ ਕਿਤੇ ਇਨ੍ਹਾਂ ਗਊ ਭਗਤਾਂ ਦੀ ਦੁਕਾਨ ਤੇ ਪਏ ਪਦਾਰਥ ਗਊ ਖਾਣ ਲੱਗ ਪਵੇ ਤਾਂ ਸਿਰ 'ਚ ਵੱਟੇ ਮਾਰ ਭਜਾਉਂਦੇ ਹਨ। ਇਕੱਲੀ ਗਊ ਹੀ ਨਹੀਂ ਸਗੋਂ ਹੋਰ ਵੀ ਪਸ਼ੂ-ਪੰਛੀ ਦੁੱਧ, ਮਾਸ, ਚਮੜਾ, ਉੱਨ੍ਹ ਤੇ ਸਵਾਰੀ ਦਿੰਦੇ ਇਨਸਾਨਾਂ ਦੇ ਕੰਮ ਆਉਂਦੇ ਹਨ। ਜਰਾ ਸੋਚੋ! ਕੀ ਪਸ਼ੂ ਆਪਣੇ ਬੱਚਿਆਂ ਦੇ ਜਾਂ ਮਨੁੱਖਾਂ ਦੇ ਮਾਂ-ਬਾਪ ਹਨ? ਗਊ ਵੀ ਇੱਕ ਦੋਧਾਰੂ ਫੀਮੇਲ ਪਸ਼ੂ ਹੈ ਜੋ ਸਾਨੂੰ ਦੁੱਧ, ਘਿਉ, ਚਮੜਾ, ਗੋਬਰ ਆਦਿ ਦਿੰਦੀ ਤੇ ਇਸਦੇ ਬੱਚੇ, ਬੈਲ ਤੇ ਬਲਦ ਸਾਡੇ ਕੰਮ ਆਉਂਦੇ ਹਨ। ਗਊ ਵੀ ਹੋਰ ਪਾਲਤੂ ਪਸ਼ੂਆਂ ਵਰਗਾ ਪਸ਼ੂ ਨਾ ਕਿ ਇਨਸਾਨਾਂ ਦਾ ਮਾਂ-ਬਾਪ ਹੈ। ਸੋ ਇੱਕ ਪਾਲਤੂ ਪਸ਼ੂ ਦੇ ਤੌਰ ਤੇ ਗਾਂ ਦੀ ਦੇਖ-ਭਾਲ ਠੀਕ ਨਾ ਕਿ "ਗਊ ਮਾਤਾ" ਕਹਿ ਫੋਕੇ ਮੱਥੇ ਟੇਕਣੇ, ਅਵਾਰਾ ਛੱਡਣਾ ਤੇ ਭੁੱਖੀ ਮਾਰਨਾ ਤੇ ਮਾਂ ਦੇ ਨਾਂ ਤੇ ਬੀਫ ਖਾਣ ਵਾਲਿਆਂ ਦੇ ਕਤਲ ਕਰਨੇ ਚਾਹੀਦੇ ਹਨ। ਦੂਜਾ ਹਿੰਦੂਆਂ ਦੀ ਆਸਤਾ ਦਾ ਸਤਿਕਾਰ ਕਰਦੇ ਉਨ੍ਹਾਂ ਦੇ ਸਾਹਮਣੇ ਬੀਫ ਵਾਲੀ ਗਾਂ ਨਹੀਂ ਕੱਟਣੀ ਚਾਹੀਦੀ।

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ



**ਰੋਜ਼ਵਿਲ-** ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗਿਆਰਵਾਂ ਸਾਲਾਨਾ ਗੁਰਮਤਿ ਸਮਾਗਮ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ 10 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਹਨਾਂ ਦੇ ਭੋਗ 12 ਮਈ ਨੂੰ ਸਵੇਰੇ 10 ਵਜੇ ਪੈਣਗੇ।

ਇਸ ਸਮਾਗਮ ਵਿਚ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਅਤੇ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ ਜੋ ਕਿ 10 ਅਤੇ 11 ਮਈ ਨੂੰ ਸ਼ਾਮ ਦੇ ਸਮਾਗਮ ਅਤੇ 12 ਮਈ ਦੁਪਹਿਰ ਦੇ ਸਮਾਗਮਾਂ ਵਿਚ ਹਾਜ਼ਰੀ ਭਰਨਗੇ।

12 ਮਈ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 1 ਵਜੇ ਰੱਖਿਆ ਜਾਵੇਗਾ। ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਦਾਨ ਲਈ ਬੇਨਤੀ ਕੀਤੀ ਜਾਂਦੀ ਹੈ।

ਸਮਾਗਮ ਵਿਚ ਫੂਡ ਸਟਾਲਾਂ ਅਤੇ ਖਰੀਦੋ-ਫਰੋਖਤ ਦੀਆਂ ਸਟਾਲਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਕੋਈ ਜਾਣਕਾਰੀ ਲੈਣ ਲਈ 916-298-4913 'ਤੇ ਕਾਲ ਕਰ ਸਕਦੇ ਹੋ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

ਅਦਾਰਾ ਦੇਸ਼ ਦੁਆਰਾ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਰਮਨ ਨਿਵਾਸੀ ਸਿਮਰ ਕੌਰ ਦੇ ਅਕਾਲ ਚਲਾਣੇ ’ਤੇ ਸ਼ੇਰਗਿੱਲ ਅਤੇ ਥਾਂਦੀ ਪਰਿਵਾਰ ਨੂੰ ਭਾਰੀ ਸਦਮਾ

**(ਸਵ: ਮਾਤਾ ਸਿਮਰ ਕੌਰ ਸ਼ੇਰਗਿੱਲ, ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦੇ ਸਤਿਕਾਰਯੋਗ ਭੂਆਂ ਜੀ ਸਨ)**



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ)**: ਬੀਤੇ ਦਿਨੀ ਕਰਮਨ ਨਿਵਾਸੀ ਮਾਤਾ ਸਿਮਰ ਕੌਰ ਸ਼ੇਰਗਿੱਲ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 5 ਮਈ, ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 76 ਸਾਲ ਸੀ। ਉਨ੍ਹਾਂ ਦਾ ਪਿਛਲਾ ਪਿੰਡ ਰਾਏਪੁਰ ਡੱਬਾਂ ਸੀ, ਜੋ ਜਿਲ੍ਹਾਂ ਨਵਾਂ ਸ਼ਹਿਰ ਵਿੱਚ ਹੈ। ਉਹ ਲੋਕ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦੇ ਸਤਿਕਾਰਯੋਗ ਭੂਆ ਜੀ ਸਨ। ਸਵ: ਮਾਤਾ ਸਿਮਰ ਕੌਰ ਪਿਛਲੇ 50 ਸਾਲਾ ਤੋਂ ਆਪਣੇ ਪਰਿਵਾਰ ਸਮੇਤ ਪਹਿਲਾ ਸਨਵਾਕੀਨ ਆਏ ਅਤੇ ਬਾਅਦ ਵਿੱਚ ਕਰਮਨ ਸ਼ਹਿਰ ਵਿਖੇ ਆ ਵਸੇ ਸਨ। ਇਹ ਇੱਥੇ ਵਸੇ ਪਹਿਲੇ ਪੰਜਾਬੀ ਪਰਿਵਾਰਾਂ ਵਿੱਚੋਂ ਸਨ ਅਤੇ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 11 ਮਈ, ਦਿਨ ਸ਼ਨੀਵਾਰ ਨੂੰ “ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ 11 ਵਜੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ “ਗੁਰਦੁਆਰਾ ਅਨੰਦਗੜ ਸਾਹਿਬ” ਕਰਮਨ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 680 S. Vineland Ave, Kerman, CA-93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਨਾਲ ਫੋਨ ਨੰਬਰ (559) 270-3358 ਜਾਂ ਉਨ੍ਹਾਂ ਦੇ ਭਤੀਜੇ ਧਰਮਵੀਰ ਥਾਂਦੀ ਨਾਲ (559) 800-0843 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਆਗਮਨ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ 5 ਮਈ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਆਗਮਨ ਪੁਰਬ ਸਮੂੰਹ ਸੰਗਤਾਂ ਵਲੋਂ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।



**ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮ:**

ਐਤਵਾਰ, 12 ਮਈ ਨੂੰ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਲਈ ਦਿਵਾਨ ਸਮੂੰਹ ਸਾਧਸੰਗਤਿ ਵਲੋਂ ਸਜਾਏ ਜਾਣਗੇ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:

**ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**

6221 16th Street
Rio Linda, CA-95673
ਗੁਰੂਘਰ ਫ਼ੋਨ (916) 992-1710
ਰਾਜ ਬੱਧਣ ਜੀ (916) 601-3842
ਤੇਜਪਾਲ ਵਿਰਕ ਜੀ (916) 912-5678
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538

# ਉੜੀਸਾ ’ਚ ਫੇਨੀ ਤੂਫਾਨ ਤੋਂ ਪ੍ਰਭਾਵਿਤ ਇਲਾਕਿਆਂ ’ਚ ਫੈਲੀ ਭੁੱਖਮਰੀ

**ਭੁਬਨੇਸ਼ਵਰ–** ਓਡੀਸ਼ਾ ’ਚ ਫੇਨੀ ਚੱਕਰਵਾਤ ਦੇ ਲੰਘ ਜਾਣ ਤੋਂ ਕਈ ਦਿਨ ਬਾਅਦ ਵੀ ਕਈ ਪ੍ਰਭਾਵਿਤ ਇਲਾਕਿਆਂ ’ਚ ਬਿਜਲੀ, ਪਾਣੀ ਤੇ ਦੂਰਸੰਚਾਰ ਵਿਵਸਥਾ ਪੂਰੀ ਤਰ੍ਹਾਂ ਠੱਪ ਹੈ। ਨਾਲ ਹੀ ਲੋਕਾਂ ਸਾਹਮਣੇ ਭੋਜਨ ਤੇ ਪੀਣ ਦੇ ਪਾਣੀ ਦੀ ਗੰਭੀਰ ਸਮੱਸਿਆ ਖੜ੍ਹੀ ਹੋ ਗਈ ਹੈ। ਇਸ ਨੂੰ ਲੈ ਕੇ ਚਾਰੇ ਪਾਸੇ ਹਾਹਾਕਾਰ ਦੀ ਸਥਿਤੀ ਬਣੀ ਹੋਈ ਹੈ। ਇਨ੍ਹਾਂ ਸਭ ਦਰਮਿਆਨ ਮੁਨਾਫ਼ਾਖੋਰਾਂ ਦੀ ਚਾਂਦੀ ਹੋ ਗਈ ਹੈ। ਹਾਲਤ ਇਹ ਹੈ ਕਿ ਇੱਥੇ ਹਰ ਚੀਜ਼ ਦੁੱਗਣੀ ਕੀਮਤ ’ਤੇ ਮਿਲ ਰਹੀ ਹੈ। ਫੇਨੀ ਪ੍ਰਭਾਵਿਤ ਜ਼ਿਆਦਾਤਰ ਇਲਾਕਿਆਂ ’ਚ ਬਿਜਲੀ ਦਾ ਸੰਕਟ ਵੀ ਉਸੇ ਤਰ੍ਹਾਂ ਕਾਇਮ ਹੈ। ਜਗ੍ਹਾ-ਜਗ੍ਹਾ ਬਿਜਲੀ ਦੇ ਖੰਭੇ ਉੱਖੜ ਜਾਣ ਤੇ ਤਾਰਾਂ ਟੁੱਟ ਜਾਣ ਕਾਰਨ ਸਮੱਸਿਆ ਗੰਭੀਰ ਹੋ ਗਈ ਹੈ। ਹਾਲੇ ਰਾਜਧਾਨੀ ਭੁਬਨੇਸ਼ਵਰ ਸਮੇਤ ਕਈ ਅਜਿਹੇ ਖੇਤਰ ਹਨ ਜਿੱਥੇ ਬਿਜਲੀ ਸਪਲਾਈ ਬਹਾਲ ਨਹੀਂ ਹੋ ਸਕੀ ਹੈ। ਇਸ ਨਾਲ ਦੂਰਸੰਚਾਰ ਸੇਵਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਪਿਛਲੇ ਸ਼ੁੱਕਰਵਾਰ ਨੂੰ ਆਏ ਫੇਨੀ ਤੂਫ਼ਾਨ ਕਾਰਨ ਭੁਬਨੇਸ਼ਵਰ, ਕਟਕ, ਕੇਂਦਰਪਾੜਾ, ਜਗਤਸਿੰਘਪੁਰ ਤੇ ਪੁਰੀ ਸਮੇਤ ਕਰੀਬ 11 ਜ਼ਿਲ੍ਹਿਆਂ ’ਚ ਜਨਜੀਵਨ ਸਾਧਾਰਨ ਹੋਣ ’ਚ ਹਾਲੇ ਵੀ ਲੰਬਾ ਸਮਾਂ ਲੱਗ ਸਕਦਾ ਹੈ।

ਬੈਂਕਾਂ ਦੇ ਏਟੀਐੱਮ ਪੂਰੀ ਤਰ੍ਹਾਂ ਖ਼ਾਲੀ ਹੋ ਚੁੱਕੇ ਹਨ। ਲੋਕਾਂ ਸਾਹਮਣੇ ਨਕਦੀ ਦੀ ਵੀ ਸਮੱਸਿਆ ਖੜ੍ਹੀ ਹੋ ਗਈ ਹੈ। ਉੱਥੇ, ਰੇਲ ਸੇਵਾ ਵੀ ਹਾਲੇ ਪੂਰੀ ਤਰ੍ਹਾਂ ਸੁਚਾਰੂ ਨਹੀਂ ਹੋ ਸਕੀ ਹੈ। ਕੁਝ ਸਪੈਸ਼ਲ ਟ੍ਰੇਨਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ’ਚ ਯਾਤਰੀਆਂ ਦੀ ਕਾਫ਼ੀ ਭੀੜ ਦੇਖੀ ਜਾ ਰਹੀ ਹੈ। ਭੁਬਨੇਸ਼ਵਰ ਤੇ ਪੁਰੀ ਰੇਲਵੇ ਸਟੇਸ਼ਨ ਦੀ ਹਾਲਤ ਸੁਧਾਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਪੁਰੀ ਰੇਲਵੇ ਸਟੇਸ਼ਨ ਫਿਲ-ਹਾਲ ਤਿੰਨ ਦਿਨ ਹੋਰ ਬੰਦ ਰਹੇਗਾ।

ਪੁਰੀ ’ਚ ਨਾਰਾਜ਼ ਲੋਕਾਂ ਨੇ ਮੰਗਲਵਾਰ ਨੂੰ ਪੁਰੀ-ਕੋਣਾਰਕ ਹਾਈਵੇ ਨੂੰ ਕਈ ਘੰਟੇ ਜਾਮ ਰੱਖਿਆ। ਪ੍ਰਸ਼ਾਸਨ ਵੱਲੋਂ ਕਾਫ਼ੀ ਤਰਲੇ ਮਿੰਨਤਾਂ ਤੇ ਸਹੀ ਸਮੇਂ ’ਤੇ ਲੋਕਾਂ ਤਕ ਰਾਹਤ ਸਮੱਗਰੀ ਪਹੁੰਚਾਉਣ ਦਾ ਭਰੋਸਾ ਮਿਲਣ ਤੋਂ ਬਾਅਦ ਲੋਕਾਂ ਨੇ ਜਾਮ ਹਟਾਇਆ। ਉੱਥੇ, ਦੂਜੇ ਪਾਸੇ ਆਵਾਜਾਈ ਨੂੰ ਲੈ ਕੇ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇੱਥੋਂ ਤਕ ਕਿ ਐਂਬੂਲੈਂਸ ਤੇ ਐੱਨਡੀਆਰਐੱਫ ਦੀਆਂ ਟੀਮਾਂ ਨੂੰ ਕਾਫ਼ੀ ਮੁਸ਼ੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੂਬੇ ’ਚ ਪ੍ਰਭਾਵਿਤ ਲੋਕਾਂ ਨੂੰ ਸੂਬਾ ਸਰਕਾਰ ਵੱਲੋਂ ਮੰਗਲਵਾਰ ਤੋਂ ਰਾਹਤ ਸਮੱਗਰੀ ਦੀ ਵੰਡ ਸ਼ੁਰੂ ਕਰ ਦਿੱਤੀ। ਰਾਸ਼ਨ ਕਾਰਡ ਧਾਰੀ ਪੀੜਤਾਂ ਨੂੰ 20 ਹਜ਼ਾਰ ਰੁਪਏ, 50 ਕਿੱਲੋ ਚਾਵਲ ਤੇ ਪਲਾਸਟਿਕ ਦੀ ਤਿਰਪਾਲ ਵੰਡੀ ਜਾ ਰਹੀ ਹੈ। ਮੁੱਖ ਮੰਤਰੀ ਨਵੀਨ ਪਟਨਾਇਕ ਨੇ ਖ਼ੁਦ ਮੰਗਲਵਾਰ ਨੂੰ ਪੁਰੀ ’ਚ ਇਸ ਦੀ ਸ਼ੁਰੂਆਤ ਕੀਤੀ। ਭੁਬਨੇਸ਼ਵਰ, ਕੇਂਦਰਪਾੜਾ, ਕਟਕ ਤੇ ਜਗਤਸਿੰਘਪੁਰ ’ਚ ਵੀ ਰਾਹਤ ਸਮੱਗਰੀ ਵੰਡਣ ਦਾ ਕੰਮ ਜੰਗੀ ਪੱਧਰ ’ਤੇ ਸ਼ੁਰੂ ਕੀਤਾ ਗਿਆ ਹੈ। ਸਰਕਾਰ ਨੇ ਇਸ ਨੂੰ ਤਿੰਨ ਦਿਨਾਂ ’ਚ ਖ਼ਤਮ ਕਰਨ ਦਾ ਟੀਚਾ ਰੱਖਿਆ ਹੈ। ਮੁੱਖ ਮੰਤਰੀ ਨੇ ਰਾਹਤ ਤੇ ਬਚਾਅ ਕਾਰਜ ’ਚ ਕਿਸੇ ਗੜਬੜੀ ਤੋਂ ਬਚਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਕਸ ਕੀਤਾ ਹੈ।

ਫੇਨੀ ਤੂਫ਼ਾਨ ਤੋਂ ਬਾਅਦ ਖ਼ੁਰਾਕੀ ਸਮੱਗਰੀ ਹਾਸਲ ਕਰਨ ਲਈ ਲੋਕਾਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੱਕਰਵਾਤ ਤੋਂ ਲੋਕ ਇਸ ਤਰ੍ਹਾਂ ਟੁੱਟ ਚੁੱਕੇ ਹਨ ਕਿ ਜਿਵੇਂ ਹੀ ਰਾਹਤ ਸਮੱਗਰੀ ਵੰਡੇ ਜਾਣ ਦੀ ਸੂਚਨਾ ਮਿਲਦੀ ਹੈ, ਉਵੇਂ ਹੀ ਭੀੜ ਇਕੱਠੀ ਹੋ ਜਾਂਦੀ ਹੈ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Amarjit Sandhu
Ph: 916-238-4431
649 W. Elkhorn Blvd. Suite B2
Rio Linda, CA 95673





Shangara Ram
Realtor CalBRE# 01969522
BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਹੁਸ਼ਿਆਰਪੁਰ ਤੇ ਜਲੰਧਰ ਬਸਪਾ ਪੀਡੀਏ ਦੇ ਸਾਂਝੇ ਉਮੀਦਵਾਰਾਂ ਨੂੰ ਕਾਮਯਾਬ ਕਰਨ ਲਈ ਵਿਦੇਸ਼ਾ ਤੋਂ ਬਸਪਾ ਵਰਕਰਾਂ ਪੰਜਾਬ ਪਹੁੰਚੇ

**ਹੁਸਿਆਰਪੁਰ–** ਪੰਜਾਬ ਚ ਚੋਣਾਂ ਨੂੰ ਲੈ ਕੇ ਬਸਪਾ ਵਰਕਰਾਂ ਦੇ ਹੋਸਲੇ ਬੁਲੰਦ ਦੇਖ ਨੂੰ ਮਿਲ ਰਹੇ ਹਨ ਤੇ ਅੱਜ ਐਨ ਆਰ ਆਈ ਇੰਜ ਸੁਰਿੰਦਰ ਸੰਧੂ ਕੈਨੇਡਾ, ਜਗਦੀਸ਼ ਜੱਸੀ ਦੁਬਈ , ਪੱਪੂ ਆਸਟ੍ਰੇਲਿਆ, ਰਵੀ ਜਲੰਧਰੀ ਦੁਬਈ ਅਮਰਜੀਤ ਬੰਗੜ ਨਿਜੀਲੈਡ, ਰਾਮਪਾਲ ਭਗੂ ਦੁਬਈ ਵਿੱਕੀ ਜੱਸਲ ਇੰਗਲੈਂਡ, ਜੱਸੀ ਗੱਡੂ ਦੁਬਈ, ਜਸਪਾਲ ਦੁਬਈ, ਹਰਜਿੰਦਰ ਕੁਮਾਰ ਲਾਡੀ ਦੋਹਾਂ ਕਤਰ, ਮਕੇਸ਼ ਕੁਮਾਰ ਰਸ਼ਿਆ , ਆਦਿ ਵੱਖ ਵੱਖ ਵਿਦੇਸ਼ਾਂ ਤੋਂ ਬਸਪਾ ਵਰਕਰਾਂ ਹੁਸਿਆਰਪੁਰ ਜਲੰਧਰ ਪਹੁੰਚੇ ਹਨ ਇਹ ਜਾਣਕਾਰੀ ਅਮਰਜੀਤ ਕੁਮਾਰ ਭੱਟੀ ਬੀ ਵੀਂ ਐਫ ਸਿਟੀ ਕਨਵੀਨਰ ਯੂਥ ਪ੍ਰਧਾਨ ਬਸਪਾ ਹੁਸਿਆਰਪੁਰ ਨੇ ਕਿਹਾ ਕਿ ਹੁਸਿਆਰਪੁਰ ਤੇ ਜਲੰਧਰ ਤੋਂ ਬਹੁਜਨ ਸਮਾਜ ਪਾਰਟੀ , ਪੰਜਾਬੀ ਏਕਤਾ ਪਾਰਟੀ, ਆਰ ਐਮ ਪੀ ਆਈ ਪਾਰਟੀ, ਨਵਾਂ ਪੰਜਾਬ ਪਾਰਟੀ, ਲੋਕ ਇਨਸਾਫ਼ ਪਾਰਟੀ, ਤੇ ਸੀ ਪੀ ਆਈ ਪਾਰਟੀ, ਆਦਿ ਪਾਰਟੀਆਂ ਦੇ ਸਾਂਝੇ ਉਮੀਦਵਾਰ ਹੁਸਿਆਰਪੁਰ ਤੋਂ ਸਾਬਕਾ ਡੀ ਸੀ ਖੁਸ਼ੀ ਰਾਮ ਜੀ ਤੇ ਜਲੰਧਰ ਤੋਂ ਨੋਜਵਾਨ ਬਲਵਿੰਦਰ ਕੁਮਾਰ, ਦੇ ਹੱਕ ਚ ਪ੍ਰਚਾਰ ਲਈ ਐਨ ਆਰ ਆਈ ਬਸਪਾ ਪੀਡੀਏ ਵਰਕਰ ਦੀਆਂ ਟੀਮਾਂ ਪੰਜਾਬ ਚ ਪਹੁੰਚਣ ਤੇ ਬਸਪਾ ਯੂਥ ਆਗੂਆਂ ਨੇ ਨਿੱਘਾ ਸਵਾਗਤ ਕੀਤਾ ਹੈ ਹੁਸਿਆਰਪੁਰ ਤੋ ਬਸਪਾ ਲੀਡਰਸ਼ਿਪ ਮਨਦੀਪ ਕਲਾਸੀ ਲੋਕ ਸਭਾ ਇੰਨਚਾਜ ਬਸਪਾ ਫਗਵਾੜਾ, ਡਾ ਰਤਨ ਚੰਦ ਜਿਲ੍ਹਾ ਸੱਕਤਰ ਬਸਪਾ ਹੁਸਿਆਰਪੁਰ, ਅਮਰਜੀਤ ਭੱਟੀ ਬੀ ਵੀਂ ਐਫ ਸਿਟੀ ਕਨਵੀਨਰ ਬਸਪਾ ਹੁਸਿਆਰਪੁਰ, ਸੋਹਣ ਲਾਲ ਪੁਰਹੀਰਾਂ ਹਲਕਾ ਸਿਟੀ ਵਿਧਾਨ ਪ੍ਰਧਾਨ ਬਸਪਾ ਹੁਸਿਆਰਪੁਰ, ਰਾਜ ਕੁਮਾਰ ਸੀਨੀਅਰ ਆਗੂ ਬਸਪਾ ਹੁਸਿਆਰਪੁਰ ਹਾਜਰ ਸਨ ਤੇ ਅਮਰਜੀਤ ਭੱਟੀ ਬੀ ਵੀਂ ਐਫ ਸਿਟੀ ਕਨਵੀਨਰ ਬਸਪਾ ਹੁਸਿਆਰਪੁਰ ਨੇ ਦੱਸਿਆ ਕਿ ਵੱਖ ਵੱਖ ਵਿਦੇਸ਼ਾਂ ਤੋਂ ਬਸਪਾ ਪੀਡੀਏ ਗਠਜੋੜ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਨ ਲਈ ਹੋਰ ਵੀਂ ਨੋਜਵਾਨ ਪੰਜਾਬ ਚ ਜਿਲਦ ਆਉਣ ਗੇ ਤੇ ਪੰਜਾਬ ਦੀਆਂ 13 ਸੀਟਾਂ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ ਬਸਪਾ ਪੀਡੀਏ ਗਠਜੋੜ ਤੇ ਪੰਜਾਬ 'ਚ ਗਰੀਬ ਤੇ ਅਮੀਰੀ ਨੂੰ ਜੜ੍ਹ ਖਤਮ ਕਰੇਗਾ।



# ਨੂਰਪੁਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਜੀ ਨੂੰ ਕੀਤਾ ਗਿਆ ਯਾਦ

**ਸ਼ਾਮਚੁਰਾਸੀ (ਚੁੰਬਰ)–** ਡਾ. ਅੰਬੇਡਕਰ ਨੌਜਵਾਨ ਸਭਾ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਪਿੰਡ ਨੂਰਪੁਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ 128ਵੇਂ ਜਨਮ ਦਿਹਾੜੇ ਨੂੰ ਸਮਰਪਿਤ ਰਾਤ ਦਾ ਪ੍ਰੋਗਰਾਮ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਮਿਸ਼ਨਰੀ ਗਾਇਕਾਂ ਅਤੇ ਨਾਟਕਕਾਰਾਂ ਨੇ ਆਪਣਾ ਸਟੇਜ ਪ੍ਰਦਰਸ਼ਨ ਕਰਦਿਆਂ ਲੋਕਾਂ ਨੂੰ ਬਾਬਾ ਸਾਹਿਬ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਪ੍ਰਬੰਧਕ ਕਮੇਟੀ ਵਲੋਂ ਇਸ ਸਮਾਗਮ ਵਿਚ ਪੁੱਜੀਆਂ ਸ਼ਖਸ਼ੀਅਤਾਂ ਨੂੰ ਜਿੱਥੇ ਸਨਮਾਨਿਤ ਕੀਤਾ ਗਿਆ, ਉੱਥੇ ਹੀ ਸਮੂਹ ਪਿੰਡ ਵਾਸੀਆਂ ਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਦੇ ਸਾਥੀਆਂ ਨੇ ਪ੍ਰੋਗਰਾਮ ਪੇਸ਼ ਕੀਤਾ। ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਸਪਾ ਆਗੂ ਖੁਸ਼ੀ ਰਾਮ, ਠੇਕੇਦਾਰ ਭਗਵਾਨ ਦਾਸ, ਪ੍ਰਸ਼ੋਤਮ ਅਹੀਰ, ਐਡਵੋਕੇਟ ਰਣਜੀਤ ਕੁਮਾਰ, ਇੰਜੀ. ਮਹਿੰਦਰ ਸੰਧਰ, ਸੰਤੋਖ ਰਮਲਾ, ਡਾ. ਪਰਵਿੰਦਰ ਜੱਸੀ, ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਜਨਰਲ ਸਕੱਤਰ ਅਵਤਾਰ ਬਸਰਾ, ਸ਼ਾਮ ਚੁਰਾਸੀ ਦੇ ਪ੍ਰਧਾਨ ਹੈਪੀ ਫੰਬੀਆਂ, ਹਰਦੀਪ ਭਟੋਆ, ਨਰੇਸ਼ ਕੁਮਾਰ, ਬੀ ਵੀ ਐਫ ਕਨਵੀਨਰ, ਉਂਕਾਰ ਸਿੰਘ ਰਾਣਾ, ਪ੍ਰਗਟ ਚੁੰਬਰ ਸਮੇਤ ਕਈ ਹੋਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।



# ਨਹੀ ਰਹੇ ਸਿੱਖ ਇਤਿਹਾਸਕਾਰ ਡਾ.ਕਿਰਪਾਲ ਸਿੰਘ, ਸੋਗ ਦੀ ਲਹਿਰ



**ਚੰਡੀਗੜ੍ਹ–** ਸਿੱਖ ਇਤਿਹਾਸਕਾਰ ਵਜੋਂ ਜਾਣੇ ਜਾਂਦੇ ਡਾ. ਕਿਰਪਾਲ ਸਿੰਘ ਮੰਗਲਵਾਰ ਸਵੇਰੇ ਅਕਾਲ ਚਲਾਣਾ ਕਰ ਗਏ। ਉਹ 95 ਸਾਲ ਦੇ ਸਨ। ਚੰਡੀਗੜ੍ਹ ਸਥਿਤ ਆਪਣੇ ਘਰ ਵਿਚ ਉਨ੍ਹਾਂ ਆਖਰੀ ਸਾਹ ਲਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਚੰਡੀਗੜ੍ਹ ਦੇ ਸੈਕਟਰ 25 ਸਥਿਤ ਸ਼ਮਸ਼ਾਨ ਘਾਟ 'ਚ ਸ਼ਾਮ 4 ਵਜੇ ਕੀਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾਕਟਰ ਸਾਹਿਬ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਜੋ ਇਤਿਹਾਸਕ ਕਾਰਜਾਂ ਨੂੰ ਦੁਨੀਆ ਭਰ ਦੇ ਖੋਜਾਰਥੀਆਂ ਤੇ ਇਤਿਹਾਸਕਾਰਾਂ ਵੱਲੋਂ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਦੇ ਦੋ ਪੁੱਤਰ ਅਤੇ ਇਕ ਧੀ ਹੈ। ਪਤਨੀ ਜੋਗਿੰਦਰ ਕੌਰ ਦਾ 93 ਸਾਲ ਦੀ ਉਮਰ ਵਿਚ ਸੰਖੇਪ ਬਿਮਾਰੀ ਪਿੱਛੋਂ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ। ਉਹ ਸਿੱਖ ਇਤਿਹਾਸਕ ਸਰੋਤ ਸੰਪਾਦਨਾ ਪ੍ਰੋਜੈਕਟ ਦੇ ਚੇਅਰਮੈਨ ਸਨ।

ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡਾ. ਕਿਰਪਾਲ ਸਿੰਘ ਨੂੰ ਸਿੱਖੀ ਧਰਮ ਦੇ ਕੌਮੀ ਪ੍ਰੋਫੈਸਰ ਦਾ ਖ਼ਿਤਾਬ ਦਿੱਤਾ ਸੀ। ਉਹ ਉੱਘੇ ਸਿੱਖ ਇਤਿਹਾਸਕਾਰ ਅਤੇ ਕਈ ਕਿਤਾਬਾਂ ਲਿਖ ਚੁੱਕੇ ਹਨ। ਡਾ. ਕਿਰਪਾਲ ਸਿੰਘ ਦਾ ਜਨਮ ਪਾਕਿਸਤਾਨ ਦੇ ਗੁਜਰਾਂਵਾਲਾ ਜ਼ਿਲ੍ਹੇ ਵਿਚ 1925 ਵਿਚ ਹੋਇਆ ਸੀ।

# ਜੇਲ ਵਿਚ ਆਪਣੇ ਸਾਥੀ ਕੈਦੀ ਦੀ ਜੀਭ, ਨੱਕ, ਕੰਨ, ਅੱਖਾਂ ਤੇ ਬੁੱਲ ਬੁਰੀ ਤਰਾਂ ਕੱਟ ਵੱਢ ਦਿੱਤੇ

**ਸਟਾਕਟਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜੇਲ ਵਿਚ ਬੰਦ ਇਕ ਵਿਅਕਤੀ ਵੱਲੋਂ ਆਪਣੇ ਸਾਥੀ ਕੈਦੀ ਦਾ ਬਹੁਤ ਹੀ ਹੌਲਨਾਕ ਢੰਗ ਨਾਲ ਕਤਲ ਕਰ ਦਿੱਤਾ ਗਿਆ। ਕਿੰਗਜ ਕਾਊਂਟੀ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਫਿਲਐਸਬਿਨਸੇਡ ਨੇ ਦਸਿਆ ਕਿ ਜੇਮੀ ਓਸੁਨਾ ਨਾਮੀ ਦੋਸ਼ੀ ਨੂੰ ਕੋਰੋਰੈਨ ਸਟੇਟ ਜੇਲ ਤੋਂ ਸਟਾਕਟਨ ਜੇਲ ਵਿਚ ਤਬਦੀਲ ਕੀਤਾ ਗਿਆ ਸੀ ਜਿਥੇ ਉਸ ਨੇ ਕਿਸੇ ਤੇਜ ਧਾਰ ਹਥਿਆਰ ਨਾਲ 44 ਸਾਲਾ ਲੂਇਸ ਰੋਮਰੋ ਨਾਮੀ ਆਪਣੇ ਸਾਥੀ ਕੈਦੀ ਦੀ ਜੀਭ, ਨੱਕ, ਕੰਨ, ਅੱਖਾਂ ਤੇ ਬੁੱਲਾਂ ਨੂੰ ਬੁਰੀ ਤਰਾਂ ਕੱਟ ਵੱਢ ਦਿੱਤਾ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜੇਲ ਦੇ ਸਟਾਫ ਜਾਂ ਕਿਸੇ ਹੋਰ ਕੈਦੀ ਨੂੰ ਜੇਮ ਓਸੂਨਾ ਦੀ ਇਸ ਕਰਤੂਤ ਦਾ ਸਮੇਂ ਸਿਰ ਪਤਾ ਨਹੀਂ ਲੱਗਾ। ਜਦੋਂ ਜੇਲ ਦੇ ਗਾਰਡਾਂ ਨੂੰ ਪਤਾ ਲੱਗਾ ਤਾਂ ਲੂਇਸ ਰੋਮਰੋ ਉਸ ਸਮੇਂ ਤੱਕ ਮਰ ਚੁੱਕਾ ਸੀ। ਇਹ ਜੇਲ ਸੈਕਰਾਮੈਂਟੋ ਦੇ ਦੱਖਣ ਵਿਚ ਤਕਰੀਬਨ 220 ਮੀਲ ਦੂਰ ਸਥਿਤ ਹੈ। ਇਸ ਸਮੇਂ ਇਸ ਜੇਲ ਵਿਚ 3300 ਤੋਂ ਵਧ ਕੈਦੀ ਹਨ। ਪੋਸਟ ਮਾਰਟਮ ਵਿਚ ਸਪੱਸ਼ਟ ਹੋਇਆ ਹੈ ਕਿ ਲੂਇਸ ਰੋਮਰੋ ਦੀ ਮੌਤ ਡੂੰਘੇ ਜ਼ਖਮਾਂ ਕਾਰਨ ਜਿਆਦਾ ਖੂਨ ਵਹਿ ਜਾਣ ਕਾਰਨ ਹੋਈ ਹੈ। ਓਸੂਨਾ ਵਿਰੁੱਧ ਹੱਤਿਆ, ਅਤਿਆਚਾਰ ਕਰਨ ਤੇ ਹਥਿਆਰ ਰਖਣ ਸਮੇਤ ਹੋਰ ਕਈ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਬਹੁਤ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।



# ਘਨੁੜਕੀ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਦਾ ਸਨਮਾਨ ਕੀਤਾ

**ਨਾਭਾ–** ਲੜਕੀਆਂ ਸਿੱਖਿਆ ਖੇਤਰ ਵਿੱਚ ਲੜਕਿਆਂ ਨਾਲੋਂ ਕਿਤੇ ਵੱਧ ਨਾਮਣਾ ਖੱਟ ਰਹੀਆਂ ਹਨ।ਲੜਕੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸਰਕਾਰੀ ਮਿਡਲ ਸਕੂਲ ਘਨੁੜਕੀ (ਭਾਦਸੋਂ-1) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਰਾਮ ਫਾਰਮ ਸੋਲੀਊਸ਼ਨ ਵਲੋਂ ਕਰਵਾਏ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੰਸਥਾ ਦੇ ਸੰਸਥਾਪਕ ਲਾਲਾ ਸ਼੍ਰੀ ਰਾਮ ਦੀ ਸਾਲਾਨਾ ਜਯੰਤੀ ਮੌਕੇ ਸਕੂਲ ਦੀਆਂ ਹੋਣਹਾਰ ਵਿਦਿਆਥਣਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਣ ਪਿੰਡ ਦੀ ਸਰਪੰਚ ਸ਼ੀਮਤੀ ਅਮਰਜੀਤ ਕੌਰ ਦਾ ਸਪੁੱਤਰ ਸ਼੍ਰ. ਹਰਜੋਤ ਸਿੰਘ , ਸੰਸਥਾ ਦੇ ਮਾਰਕੀਟਿੰਗ ਮੈਨੇਜਰ ਡਾ. ਦਲੀਪ ਕੁਮਾਰ ਅਤੇ ਸ਼੍ਰੀ ਚਰਨ ਕਮਲ (ਫੀਲਡ ਅਫਸਰ) ਵਲੋਂ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ ਗਈ।ਇਸ ਮੌਕੇ ਸ਼੍ਰੀ ਵਿਨੋਦ ਕੁਮਾਰ ਸਾਇੰਸ ਮਾਸਟਰ ਨੇ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਵਲੋਂ ਵੱਖ-ਵੱਖ ਸਰਗਰਮੀਆਂ ਵਿੱਚ ਪਾਏ ਯੋਗਦਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਸੰਸਥਾ ਦੇ ਮਾਰਕੀਟਿੰਗ ਮੈਨੇਜਰ ਸ਼੍ਰੀ ਦਲੀਪ ਕੁਮਾਰ ਨੇ ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਬੱਚੇ ਸਮਾਜ ਲਈ ਚਾਨਣ ਮੁਨਾਰਾ ਹੁੰਦੇ ਹਨ।ਧੀਆਂ ਦਾ ਕਿਸੇ ਵੀ ਦੇਸ਼ ਦੀ ਤਰੱਕੀ ਵਿੱਚ ਅਹਿਮ ਰੋਲ ਹੁੰਦਾ ਹੈ ਸੋ ਧੀਆਂ ਦਾ ਪੜ੍ਹਾਈ ਵਿੱਚ ਮੋਹਰੀ ਹੋਣਾ ਸਮਾਜ ਲਈ ਸ਼ੁਭ ਸ਼ਗਨ ਹੈ।ਇਸ ਮੌਕੇ ਹੋਣਹਾਰ ਵਿਦਿਆਰਥਣਾਂ ਨੂੰ ਸੰਸਥਾ ਵਲੋਂ ਸਕੂਲ ਬੈਗ,ਸਟੇਸ਼ਨਰੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਨ ਦੌਰਾਣ ਸ਼੍ਰ. ਜਗਦੇਵ ਸਿੰਘ,ਬਚਿਤਰ ਸਿੰਘ,ਅਵਤਾਰ ਸਿੰਘ , ਕਮੇਟੀ ਮੈਂਬਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।ਸਮਾਗਮ ਦੀ ਪ੍ਰਧਾਨਗੀ ਸਕੂਲ ਇੰਚਾਰਜ਼ ਸ਼੍ਰੀਮਤੀ ਜਸਵੀਰ ਕੌਰ ਵਲੋਂ ਕੀਤੀ ਗਈ।ਅਖੀਰ 'ਚ ਉਨ੍ਹਾਂ ਨੇ ਸੰਸਥਾ ਅਤੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ।




## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ। **ਸੰਪਰਕ ਕਰੋ ਫੋਨ ਜਾਂ ਵਟਸਅਪ : 510 862 5488**


# ਮੋਦੀ ਸਰਕਾਰ ਨੂੰ ਬਹੁਮਤ ਨਾ ਮਿਲਿਆ ਤਾਂ ਇਕ ਵਾਰ ਫਿਰ ਪੰਜਾਬੀ ਪੁੱਤਰ ਬਣ ਸਕਦਾ ਹੈ ਪ੍ਰਧਾਨ ਮੰਤਰੀ

**(ਸਫਾ 1 ਦੀ ਬਾਕੀ)**

ਸੰਭਾਲ ਚੁੱਕੇ ਹਨ। ਸਾਲ 2004 ਵਿੱਚ ਵੀ ਜਦ ਯੂਪੀਏ ਸਰਕਾਰ ਬਣੀ ਸੀ ਤਾਂ ਸੋਨੀਆ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਵਿਰੋਧ ਜਤਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਪੀਐਮ ਬਣਾਇਆ ਸੀ, ਜਿਸ 'ਤੇ ਸਾਰਿਆਂ ਨੇ ਸਹਿਮਤੀ ਜਤਾਈ ਸੀ। ਅੱਜ ਵੀ ਹਾਲਾਤ ਕੁਝ ਇਸੇ ਤਰ੍ਹਾਂ ਦੇ ਹਨ ਅਤੇ ਲੋਕ ਸਭਾ ਦੇ ਨਤੀਜਿਆਂ ਮਗਰੋਂ ਤਸਵੀਰ ਸਾਫ ਹੋ ਜਾਵੇਗੀ।


## ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ 11 ਮਈ ਨੂੰ ਸੈਕਰਾਮੈਂਟੋ ਵਿਖੇ ਮਨਾਏ ਜਾਣਗੇ

ਭਾਰਤ ਰਤਨ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗ਼ਮ ਸੈਕਰਾਮੈਂਟੋ ਅਤੇ ਯੂਬਾ ਸਿਟੀ ਦੀਆਂ ਸਮੂੰਹ ਸੰਗਤਾਂ ਵਲੋਂ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਹਨ।

ਬਾਬਾ ਸਾਹਿਬ ਦੇ ਜੀਵਨ ਅਤੇ ਸੰਦੇਸ਼ਾਂ ਦੇ ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਅਤੇ ਮਿਸ਼ਨਰੀ ਗੀਤਕਾਰ ਵੀ ਭਾਗ ਲੈਣਗੇ।

ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਹੈ।

ਦਿਨ: ਸ਼ਨੀਵਾਰ, 11 ਮਈ 2019

**ਸਮਾਂ: ਸ਼ਾਮ 5 ਵਜੇ ਤੋਂ ਸ਼ਾਮ 10 ਵਜੇ ਤੱਕ**

**ਸਥਾਨ–** Royal Event Hall
7323 Home Leisure Plaza #6
Sacramento, CA-95823

**ਵਧੇਰੇ ਜਾਣਕਾਰੀ ਲਈ:**
ਸ਼੍ਰੀ ਮੋਹਿੰਦਰ ਸਿੰਘ ਧਾਮੀ (916) 917-2075
ਸ਼੍ਰੀ ਦਲਵਿੰਦਰ ਰੱਲ (530) 933-3938

ਸੇਵਾ: ਸੈਕਰਾਮੈਂਟੋ ਅਤੇ ਯੂਬਾ ਸਿਟੀ ਸਮੂੰਹ ਸਾਧਸੰਗਤਿ ਜੀਓ।

ਕਿਰਪਾ ਕਰਕੇ ਪਰਿਵਾਰਾਂ, ਰਿਸਤੇਦਾਰਾਂ ਅਤੇ ਦੋਸਤਾਂ ਸਾਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ।

# ਬਲਵਿੰਦਰ ਕੁਮਾਰ ਉਮੀਦਵਾਰ ਪੀਡੀਏ ਲੋਕ ਸਭਾ ਜਲੰਧਰ ਨੂੰ ਜਿਤਾਉਣ ਵਾਸਤੇ ਸਮਾਜ ਦੇ ਹਰ ਵਰਗ 'ਚੋ ਉੱਠ ਰਹੀ ਹੈ ਪੁਰਜ਼ੋਰ ਅਵਾਜ਼

ਪਿਛਲੇ ਕਾਫ਼ੀ ਲੰਮੇ ਸਮੇਂ ਤੋ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਤੇ ਸਮਾਜ ਦੇ ਹਰ ਵਰਗ ਦੀ ਮੁਸ਼ਕਿਲਾਂ ਚਾਹੇ ਉਹ ਕਿਸਾਨਾਂ ਦੇ ਖ਼ਿਲਾਫ਼ ਸਰਕਾਰ ਦੀਆਂ ਮਾਰੂ ਤੇ ਬੇਇਨਸਾਫ਼ੀ ਵਾਲਿਆਂ ਨੀਤੀਆਂ ਹੋਣ, ਚਾਹੇ ਮਜਦੂਰਾਂ ਕਾਮਿਆ, ਕਿਰਤੀਆ ਦਿਹਾੜੀਦਾਰਾਂ, ਘੱਟ ਗਿਣਤੀਆਂ, ਵਿਦਿਆਰਥੀਆਂ ਦੀਆਂ ਸਮੱਸਿਆਵਾਂ ਹੋਣ ਨੂੰ ਪ੍ਰਸ਼ਾਸਨ ਅੱਗੇ ਬੜੀ ਹੀ ਬੇਬਾਕੀ ਤੇ ਪੁਰਜ਼ੋਰ ਢੰਗ ਨਾਲ ਰੱਖਦਾ ਆ ਰਿਹਾ ਹੈ ਤੇ ਜਿਸ ਬਾਬਤ ਉਹਨਾ ਦੀ ਸ਼ਖਸੀਅਤ ਇਕ ਲੋਕ ਲੀਡਰ ਦੇ ਤੋਰ ਤੇ ਸਮਾਜ ਵਿਚ ਉਭਰ ਕੇ ਆਈ ਹੈ।ਤੇ ਆਪਣੇ ਯਤਨਾਂ ਨਾਲ ਸਮਾਜ ਦੇ ਹਰ ਵਰਗ ਦੀ ਨੁਮਾਇੰਦਗੀ ਕਰ ਰਹੇ ਹਨ।



ਦੇਸ਼ ਦੇ ਬਾਕੀ ਸੂਬਿਆਂ ਦੀ ਤਰਾਂ ਹੀ ਪੰਜਾਬ ਤੇ ਖਾਸ ਤੌਰ ਤੇ ਜਲੰਧਰ ਦੀ ਗੱਲ ਕਰੀਏ ਤਾਂ ਸਮਾਜ ਦਾ ਹਰ ਵਰਗ ਅਜ਼ਾਦੀ ਦੇ 70ਸਾਲ ਬਾਅਦ ਵੀ ਪਿਛਲੇ ਸਮੇਂ ਦੌਰਾਨ ਬਣਿਆ ਕਾਂਗਰਸ ਤੇ ਬੀ ਜੇ ਪੀ ਅਕਾਲੀ ਦਲ ਸਰਕਾਰਾਂ ਦੌਰਾਨ ਵੀ ਮੁਢਲੀਆਂ ਸਿਹਤ ਸਹੂਲਤਾਂ ਅਨਾਜ ਤੇ ਗੁਣਵਤਾ ਭਰਪੂਰ ਸਿਖਿਆ ਤੋਂ ਮਹਿਰੂਮ ਤੇ ਕੋਹਾਂ ਦੂਰ ਨਜ਼ਰ ਆ ਰਿਹਾ ਹੈ ਤੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਹੈ।ਅੱਜ ਵੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕ ਸਿਖਿਆ ਤੇ ਮੁਢਲੀਆਂ ਸਿਹਤ ਸਹੂਲਤਾਂ ਲੈਣ ਦੇ ਅਸਮਰਥ ਹਨ। ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਰਨ ਅੱਜ ਵੀ ਲੋਕ ਗੁਣਵੰਤਾਂ ਭਰਪੂਰ ਸਿਖਿਆ ਤੇ ਵਧੀਆ ਸਿਹਤ ਸਹੂਲਤਾਂ ਤੋਂ ਵਾਂਝੇ ਨਜ਼ਰ ਆਉਂਦੇ ਹਨ ਤੇ ਇਹ ਸਭ ਉਹਨਾਂ ਲੋਕਾਂ ਲਈ ਇਕ ਸੁਪਨਾ ਬਣ ਕੇ ਰਹਿ ਗਿਆ ਹੈ।

ਇਸ ਵਾਰ ਪੰਜਾਬ ਤੇ ਖਾਸ ਕਰਕੇ ਜਲੰਧਰ ਦੋਆਬੇ ਦੇ ਲੋਕ ਕਾਂਗਰਸ ਤੇ ਬੀ ਜੇ ਪੀ ਅਕਾਲੀ ਦਲ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਉਹਨਾਂ ਦੇ ਵਿਰੋਧ ਵਿਚ ਖੜੇ ਨਜ਼ਰ ਆ ਰਹੇ ਹਨ ਤੇ ਆਪਣੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੇ ਹੱਲ ਵਾਸਤੇ ਤੀਜੀ ਧਿਰ ਬਣ ਚੁੱਕੀ ਪੰਜਾਬ ਡੈਮੋਕ੍ਰੇਟਿਕ ਅਲਿਆਂਸ ਪੀ ਡੀ ਏ ਵਿਚ ਆਪਣਾ ਵਿਸ਼ਵਾਸ ਪੈਦਾ ਕਰ ਚੁੱਕੇ ਹਨ ਤੇ ਭਾਰੀ ਗਿਣਤੀ ਵਿਚ ਤੀਜੇ ਧਿਰ ਨਾਲ ਖੜੇ ਨਜ਼ਰ ਆ ਰਹੇ ਹਨ। ਪੰਜਾਬ ਡੈਮੋਕ੍ਰੇਟਿਕ ਅਲਿਆਂਸ ਪੰਜਾਬ ਦੇ ਹਰ ਵਰਗ ਦੀ ਨੁਮਾਇੰਦਗੀ ਕਰਦਾ ਨਜ਼ਰ ਆ ਰਿਹਾ ਹੈ ਉਹਨਾਂ ਵਿੱਚ ਭਾਵੇਂ ਘੱਟ ਗਿਣਤੀਆਂ ਹੋਣ, ਮਜ਼ਦੂਰ ਵਰਗ ਹੋਵੇ, ਜ਼ਿਮੀਦਾਰ ਪਛੜਿਆ ਸ਼੍ਰੇਣੀਆਂ ਤੇ ਭਾਵੇ ਵਿਦਿਆਰਥੀ ਵਰਗ ਹੋਵੇ।

ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਕਾਂਗਰਸ ਬੀ ਜੇ ਪੀ ਅਕਾਲੀ ਦਲ ਦੀਆਂ ਲੋਕ ਵਿਰੋਧੀ ਤੇ ਬੇਇਨਸਾਫ਼ੀ ਵਾਲਿਆਂ ਨੀਤੀਆਂ ਦੇ ਬਰਖ਼ਿਲਾਫ਼ ਬਣਿਆ ਇਹ ਗਠਬੰਧਨ ਪੰਜਾਬੀਆਂ ਲਈ ਇਕ ਆਸ ਦੀ ਕਿਰਨ ਵਜੋਂ ਨਜ਼ਰ ਆ ਰਿਹਾ ਹੈ। ਜਿਹਨਾਂ ਵਿਚ,,

ਬਹੁਜਨ ਸਮਾਜ ਪਾਰਟੀ
ਪੰਜਾਬੀ ਏਕਤਾ ਪਾਰਟੀ
ਲੋਕ ਇਨਸਾਫ ਪਾਰਟੀ
ਨਵਾਂ ਪੰਜਾਬ ਪਾਰਟੀ
ਰੇਵੋਲੂਸ਼ਨਰੀ
ਪਾਰਟੀ ਆਫ਼ ਇੰਡੀਆ
ਮਾਰਕਸਵਾਦੀ ਪਾਰਟੀ

ਜੋ ਕਿ ਸਮਾਜ ਦੇ ਹਾਸ਼ੀਆ ਗ੍ਰਸਤ ਲੋਕਾਂ ਤੋਂ ਲੈ ਕੇ ਕਿਸਾਨ ਵਿਦਿਆਰਥੀਆਂ ਔਰਤਾਂ ਕਮੀਆਂ ਕਿਰਤੀਆਂ ਦੀ ਨੁਮਾਇੰਦਗੀ ਕਰ ਰਿਹਾ ਹੈ ਤੇ ਵੱਡੀ ਗਿਣਤੀ ਵਿਚ ਲੋਕ ਇਸ ਗਠਬੰਧਨ ਦਾ ਸਾਥ ਦੇ ਰਹੇ ਹਨ ਤੇ ਇਕ ਬਦਲਵੀਂ ਰਾਜਨੀਤਿਕ ਸ਼ਕਤੀ ਤੇ ਰੂਪ ਵਿਚ ਪੰਜਾਬ ਨੂੰ ਖੁਸ਼ਹਾਲ ਕਰ ਵਾਸਤੇ ਯਤਨਸ਼ੀਲ ਹਨ।

ਇਸ ਗਠਬੰਧਨ ਵਿਚ ਬਸਪਾ ਦੇ ਹਿੱਸੇ ਆਈ ਲੋਕ ਸਭਾ ਜਲੰਧਰ ਦੀ ਸੀਟ ਤੋਂ ਪੀਡੀ ਏ ਦੇ ਉਮੀਦਵਾਰ ਬਲਵਿੰਦਰ ਕੁਮਾਰ ਪਹਿਲਾ ਤੋਂ ਹੀ ਸਮਾਜ ਦੇ ਹਰ ਵਰਗ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ।

ਇਕ ਨੌਜਵਾਨ ਪੜੇ ਲਿਖੇ ਮਿਹਨਤੀ ਨਿਡਰ ਆਗੂ ਦੇ ਤੋਰ ਤੇ ਉਹਨਾਂ ਦੀ ਸਖਸ਼ੀਅਤ ਸਥਾਪਿਤ ਹੋਈ ਹੈ ਤੇ ਜਦੋਂ ਵੀ ਸਮਾਜ ਦੇ ਕਿਸੇ ਵਰਗ ਨਾਲ ਵੀ ਪ੍ਰਸ਼ਾਸਨ ਵੱਲੋਂ ਧੱਕੇਸ਼ਾਹੀ ਹੁੰਦੀ ਹੈ ਉਹ ਹਰ ਵੇਲੇ ਉਸ ਸਮਾਜ ਨਾਲ ਮੋਢੇ ਨਾਲ ਮੋਢਾ ਲਾ ਕੇ ਖਰੜੇ ਹਨ ਤੇ ਕਾਂਗਰਸ ਤੇ ਬੀ ਜੇ ਪੀ ਅਕਾਲੀ ਦਲ ਦੀਆਂ ਲੋਕ ਮਾਰੂ ਨੀਤੀਆਂ ਤੋਂ ਲੋਕਾਂ ਜਾਣੂੰ ਕਰਵਾਉਂਦੇ ਆ ਰਹੇ ਹਨ।ਤੇ ਹਰ ਵੇਲੇ ਸਥਾਪਿਤ ਗੈਰ ਬਰਾਬਰੀ ਵਾਲਿਆ ਸਰਕਾਰਾਂ ਦੇ ਬਰਖ਼ਿਲਾਫ਼ ਅਵਾਜ਼ ਬੁਲੰਦ ਕਰਦੇ ਆਉਂਦੇ ਆਏ ਨੇ।

ਬਲਵਿੰਦਰ ਕੁਮਾਰ ਦੀ ਸ਼ਖਸੀਅਤ ਵੱਲ ਨਜ਼ਰ ਮਾਰੀਏ ਤਾਂ ਪੱਤਾ ਲਗਦਾ ਹੈ ਕਿ ਉਹ ਇਕ ਨੌਜਵਾਨ ਪੜੇ ਲਿਖੇ ਸੰਘਰਸ਼ੀਲ ਤੇ ਇਕ ਨਿਧੜਕ ਲੀਡਰ ਦੇ ਤੋਰ ਤੇ ਜਾਣੇ ਜਾਂਦੇ ਹਨ।ਜੋ ਹਰ ਵੇਲੇ ਮਾੜੇ ਸਿਸਟਮ ਦੇ ਖ਼ਿਲਾਫ਼ ਉਸ ਵਲੋਂ ਹੋ ਰਹੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦੇ ਆਏ ਹਨ।

ਬਲਵਿੰਦਰ ਕੁਮਾਰ ਦੀ ਵਿਦਿਅਕ ਯੋਗਤਾ ਦੀ ਗੱਲ ਕਰੀਏ ਤਾਂ ਪੱਤਾ ਲਗਦਾ ਹੈ ਕੇ ਉਸ ਨੇ ਐੱਮ ਏ ਇੰਗਲਿਸ਼, ਐੱਮ ਏ ਪੰਜਾਬੀ ਜਰਨਾਲਿਜਮ ਦੀਆਂ ਡਿਗਰੀਆਂ ਹਾਸਲ ਕੀਤੀਆਂ ਨੇ। ਤੇ ਉਸਨੇ ਸੰਘਰਸ਼ ਨੂੰ ਜਾਰੀ ਰੱਖਣ ਵਾਸਤੇ ਸਮਾਜ ਹਿਤ ਚ ਆਪਣੀ ਪੱਤਰਕਾਰਿਤਾ ਦੀ ਤੇ ਕਲਾਸ ਦੋ ਸਰਕਾਰੀ ਅਫਸਰ ਦੀ ਨੌਕਰੀ ਨੂੰ ਛੱਡ ਦੇ ਹੋਏ ਗੈਰ ਬਰਾਬਰੀ ਤੇ ਬੇਇਨਸਾਫੇ ਪ੍ਰਬੰਧਕ ਨੂੰ ਖ਼ਤਮ ਕਰਨ ਵਾਸਤੇ ਹਮੇਸ਼ਾ ਆਪਣੇ ਯਤਨ ਯਾਰੀ ਰੱਖੇ ਹਨ।

ਰਾਜਨੀਤੀ ਨੂੰ ਇਕ ਸਮਾਜ ਸੁਧਾਰ ਦੇ ਤੋਰ ਤੇ ਲੈਂਦੇ ਹੋਏ ਬਲਵਿੰਦਰ ਕੁਮਾਰ ਸਮਾਜ ਦੇ ਹਰ ਵਰਗ ਨੂੰ ਇਨਸਾਫ ਦਿਵਾਉਣ ਨੇ ਇਕ ਲੰਮੀ ਲੜਾਈ ਲੜੀ ਹੈ ਅਜੇ ਤੱਕ ਯਾਰੀ ਰੱਖੀ ਹੈ ਤੇ ਹੁਣ ਵੀ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਆਧਾਰ ਬਣਾਉਂਦੇ ਹੋਏ ਤੇ ਉਹਨਾਂ ਦੀ ਬਿਹਤਰੀ ਵਾਸਤੇ ਰਾਜਨੀਤਕ ਸ਼ਕਤੀ ਹਾਸਲ ਕਰਨ ਦਾ ਉਦੇਸ਼ ਲੈ ਕੇ ਜਨਤਾ ਦੀ ਕਚਹਿਰੀ ਵਿਚ ਉਤਰਨ ਦਾ ਫੈਸਲਾ ਕੀਤਾ ਹੈ ਬਲਵਿੰਦਰ ਕੁਮਾਰ ਦੇ ਇਸ ਫੈਂਸਲੇ ਦਾ ਸਮਾਜ ਦੇ ਹਰ ਵਰਗ ਲੋਕਾਂ ਨੇ ਨਿੱਘਾ ਸਵਾਗਤ ਕੀਤਾ ਹੈ। ਜਿਹਨਾਂ ਲੋਕਾਂ ਦੀ ਲੜਾਈ ਬਲਵਿੰਦਰ ਕੁਮਾਰ ਰਾਜਨੀਤੀ ਤੋਂ ਬਾਹਰ ਹੁੰਦੀਆਂ ਹੋਇਆ ਲੜ ਰਿਹਾ ਸੀ ਹੁਣ ਉਹਨਾਂ ਲੋਕਾਂ ਨੇ ਹੀ ਓਸਨੂ ਰਾਜਨੀਤੀ ਦੀ ਚਾਬੀ ਆਪਣੇ ਹੱਥਾਂ ਵਿਚ ਲੈਣ ਵਾਸਤੇ ਦਿਨ ਰਾਤ ਇਕ ਕੀਤਾ ਹੋਇਆ ਹੈ। ਪਿਛਲੀਆਂ ਕਾਂਗਰਸ ਤੇ ਬੀ ਜੇ ਪੀ ਤੇ ਅਕਾਲੀ ਦਲ ਦਿਆਂ ਲੋਕ ਵਿਰੋਧੀ ਨੀਤੀਆਂ ਕਾਰਨ ਵੇ- ਇਲਾਜੇ ਤੇ ਬਿਨਾਂ ਸਿਖਿਆ ਤੋਂ ਮਰ ਰਹੇ ਹਰ ਵਰਗ ਤੇ ਲੋਕਾਂ ਨੇ ਬਲਵਿੰਦਰ ਕੁਮਾਰ ਦਾ ਇਸ ਚੋਣਾਂ ਵਿਚ ਪੁਰਜ਼ੋਰ ਸਾਥ ਦੇਣ ਦਾ ਮਨ ਬਣਾ ਲਿਆ ਹੈ ਤੇ ਸਥਾਪਿਤ ਕਾਂਗਰਸ ਬੀ ਜੇ ਪੀ ਅਕਾਲੀ ਦਲ ਨੂੰ ਮੂਹ ਤੋੜਵਾਂ ਜਵਾਬ ਦੇਣ ਨੂੰ ਤਿਆਰ ਬਰ ਤਿਆਰ ਹਨ।

ਜਲੰਧਰ ਦੁਆਬੇ ਦੇ ਲੋਕ ਲੋਕਾਂ ਨੇ ਇਸ ਵਾਰ ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਪੀ ਡੀ ਏ ਨੂੰ ਬਦਲਵੇ ਰੂਪ ਵਿਚ ਪੰਜਾਬ ਦੀ ਖੁਸ਼ਹਾਲੀ ਵਾਸਤੇ ਕਾਮਯਾਬ ਕਰਨ ਦਾ ਮਨ ਬਣਾ ਲਿਆ ਹੈ ਤੇ ਜਲੰਧਰ ਲੋਕ ਸਭਾ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਨੂੰ ਸਮਾਜ ਦੇ ਹਰ ਵਰਗ ਤੋਂ ਮਿਲ ਰਿਹਾ ਹੈ ਭਰਮਾ ਹੁੰਗਾਰਾ।

**– ਹਰਪ੍ਰੀਤ ਸਿੰਘ ਬੱਧਣ 01-89683-84344**




SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE.
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਪੀ ਡੀ ਏ ਦੇ ਉਮੀਦਵਾਰ ਇੰਜ ਗਿਆਸਪੁਰਾ ਨੂੰ ਹਲਕਾ ਸਾਹਨੇਵਾਲ ਦੇ ਪਿੰਡਾਂ ਵਿੱਚ ਮਿਲਿਆ ਭਾਰੀ ਸਮਰਥਨ

## ਮੁੰਡੀਆਂ, ਭਾਮੀਆਂ, ਜਮਾਲਪੁਰ, ਕਾਸਾਬਾਦ, ਚੌਂਤਾ ਸਮੇਤ ਹੋਰਨਾਂ ਆਗੂਆਂ ਨੇ ਵੱਡੀ ਲੀਡ ਨਾਲ ਜਿਤਾਉਣ ਦਾ ਕੀਤਾ ਐਲਾਨ

**ਲੁਧਿਆਣਾ–** ਲੋਕ ਸਭਾ ਹਲਕਾ ਸ੍ਰੀ ਫਤਿਹਗੜ ਸਾਹਿਬ ਤੋਂ ਲੋਕ ਇਨਸਾਫ ਪਾਰਟੀ ਵੱਲੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਉਮੀਦਵਾਰ ਇੰਜੀਨਿਅਰ ਮਨਵਿੰਦਰ ਸਿੰਘ ਗਿਆਸਪਰਾ ਨੇ ਅੱਜ ਹਲਕਾ ਸਾਹਨੇਵਾਲ ਦੇ ਜਮਾਲਪੁਰ, ਕੁਲੀਏਵਾਲ, ਭਾਮੀਆਂ ਖੁਰਦ ਅਤੇ ਭਾਮੀਆਂ ਕਲਾਂ ਦੀਆਂ ਕਲੋਨੀਆਂ, ਕੱਕਾ, ਜਗੀਰਪੁਰ, ਮੇਹਰਬਾਨ, ਬਾਜੜਾ, ਕਾਕੋਵਾਲ, ਨੂਰਵਾਲਾ, ਕਾਸਾਬਾਦ, ਜਮਾਲਪੁਰ ਲੇਲੀ, ਢੇਰੀ, ਸੱਤੋਵਾਲ, ਮਾਂਗਟ, ਖਵਾਜਕੇ, ਗੌਂਸਗੜ, ਸਸਰਾਲੀ, ਸਸਰਾਲੀ ਕਲੋਨੀ, ਬੂਥਗੜ, ਰੋੜ, ਮੰਗਲੀਆਂ, ਮੱਤੇਵਾੜਾ, ਕੰਡਿਆਣਾ, ਮਾਛੀਆਂ, ਸਲੇਮਪੁਰ, ਢੋਲਣਵਾਲ, ਚੌਂਤਾਂ, ਝੁੰਗੀਆਂ, ਪੰਜੇ ਭੈਣੀਆਂ, ਬੌਂਕੜਾਂ, ਕੰਡਿਆਣਾ ਖੁਰਦ, ਖਾਸੀ ਕਲਾ, ਤਾਜਪੁਰ ਅਤੇ ਭਾਮੀਆਂ ਕਲਾਂ ਦਾ ਤੂਫਾਨੀ ਦੌਰਾ ਕੀਤਾ। ਦੌਰੇ ਦਾ ਮਕਸਦ ਭਾਵੇਂ ਹਰ ਪਿੰਡ ਵਿੱਚ ਹਾਜਰੀ ਲਗਾਉਣਾ ਸੀ ਪਰ ਇਸਦੇ ਬਾਵਜੂਦ ਪਿੰਡਾਂ ਦੇ ਲੋਕਾਂ ਨੇ ਉਹਨਾਂ ਦੀ ਆਮਦ ਦੇ ਸਟੇਜਾਂ ਲਗਾ ਕੇ ਉਹਨਾਂ ਦਾ ਸਵਾਗਤ ਕੀਤਾ। ਪਿੰਡ ਕਾਸਾਬਾਦ ਵਿਖੇ ਸਮਾਜਸੇਵੀ ਇੰਦਰਜੀਤ ਸਿੰਘ ਮਾਨ ਕਾਸਾਬਾਦ ਅਤੇ ਬਸਪਾ ਆਗੂ ਭੂਸ਼ਣ ਕਾਸਾਬਾਦ ਨੇ ਉਹਨਾਂ ਨੂੰ ਪਿੰਡ ਵਿੱਚੋਂ 200 ਦੀ ਲੀਡ ਨਾਲ ਜਿਤਾਉਣ ਦਾ ਐਲਾਨ ਕੀਤਾ। ਵੱਖ ਵੱਖ ਪਿੰਡਾਂ 'ਚ ਸੰਬੋਧਨ ਦੌਰਾਨ ਲੋਕ ਇਨਸਾਫ ਪਾਰਟੀ ਦੇ ਹਲਕਾ ਇੰਚਾਰਜ ਗੁਰਮੀਤ ਸਿੰਘ ਮੁੰਡੀਆਂ, ਬਸਪਾ ਆਗੂ



ਲਾਭ ਸਿੰਘ ਭਾਮੀਆਂ, ਰਾਮਲੋਕ ਸਿੰਘ ਕੁਲੀਏਵਾਲ, ਕੇਵਲ ਸਿੰਘ ਜਮਾਲਪੁਰ, ਨਰਿੰਦਰ ਚੌਂਤਾ, ਜਗਦੇਵ ਸਿੰਘ ਮਾਂਗਟ, ਮਾਸਟਰ ਰਾਮਾਨੰਦ ਆਦਿ ਨੇ ਉਹਨਾਂ ਨੂੰ ਹਲਕਾ ਸਾਹਨੇਵਾਲ ਵਿੱਚੋਂ ਜਿਤਾਉਣ ਦਾ ਐਲਾਨ ਕੀਤਾ। ਸੰਬੋਧਨ ਦੌਰਾਨ ਸ: ਗਿਆਸਪੁਰਾ ਨੇ ਅਪਣੇ ਵੱਲੋਂ ਕੀਤੇ ਹੋਂਦ ਚਿੱਲੜ ਦੇ ਸੰਘਰਸ਼ ਬਾਰੇ ਲੋਕਾਂ ਨੂੰ ਦੱਸਿਆ। ਉਹਨਾਂ ਕਿਹਾ ਕਿ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਕਰਨ 'ਚ ਸੱਤਾ ਦਾ ਸੁੱਖ ਭੋਗਣ ਵਾਲੀਆਂ ਸਾਰੀਆਂ ਪਾਰਟੀਆਂ ਨਕਾਮ ਸਾਬਿਤ ਹੋ ਚੁੱਕੀਆਂ ਹਨ ਇਸ ਲਈ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਬਣਿਆ ਹੈ। ਉਹਨਾਂ ਕਿਹਾ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਲੋਕਾਂ ਦੀਆਂ ਉਮੀਦਾਂ ਦੇ ਖਰੇ ਉੱਤਰੇਗਾ ਇਸ ਲਈ 19 ਮਈ ਨੂੰ ਅਪਣੀ ਇੱਕ ਇੱਕ ਵੋਟ ਚੋਣ ਨਿਸ਼ਾਨ ਲੈਟਰ ਬਾਕਸ ਦਾ ਬਟਨ ਦਬਾ ਕੇ ਪਾਈ ਜਾਵੇ। ਉਹਨਾਂ ਕਿਹਾ ਕਿ ਮੇਰੇ ਵਿਰੋਧੀ ਉਮੀਦਵਾਰਾਂ 'ਚੋਂ ਇੱਕ ਕਰੋੜਾਂ ਦਾ ਵੱਡਾ ਘੁਟਾਲਾ ਕਰ ਚੁੱਕਾ ਹੈ ਜਦਕਿ ਦੂਜਾ 1986 'ਚ ਹੋਏ ਨਕੋਦਰ ਬੇਅਦਬੀ ਅਤੇ ਗੋਲੀ ਕਾਂਡ ਦਾ ਦੋਸ਼ੀ ਹੈ ਜਿਸ ਵਿੱਚ ਚਾਰ ਸਿੱਖ ਨੌਜਵਾਨਾਂ ਨੂੰ ਪੁਲਿਸ ਨੇ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਸੀ। ਉਹਨਾਂ ਕਿਹਾ ਕਿ ਕੈਪਟਨ ਅਤੇ ਮੋਦੀ ਦੋਵੇਂ ਜੁਮਲੇਬਾਜੀ ਵਿੱਚ ਇੱਕ ਦੂਜੇ ਤੋਂ ਵੱਧ ਕੇ ਹਨ ਇਸ ਲਈ ਦੇਸ਼ ਅਤੇ ਸੂਬੇ ਨਾਲ ਧੋਖਾ ਕਰਨ ਵਾਲੇ ਦੋਵਾਂ ਨੂੰ ਵੋਟਰ ਸਬਕ ਜਰੂਰ ਸਿਖਾਉਣ ਅਤੇ ਦੇਸ਼ ਦੀ ਅਗਲੀ ਪ੍ਰਧਾਨ ਮੰਤਰੀ ਕੁਮਾਰੀ ਮਾਇਆਵਤੀ ਨੂੰ ਬਣਾਉਣ। ਇਸ ਮੌਕੇ ਨਿਰਪਦੀਪ ਸਿੰਘ ਸਾਹਨੇਵਾਲ, ਕੁਲਵੀਰ ਸਿੰਘ ਹੂੰਝਣ, ਰਾਜੂ ਨਾਮਧਾਰੀ, ਤਿਰਲੋਕ ਸਿੰਘ ਸੱਤਿਆਗ੍ਰੇਹੀ, ਹਰਮੇਸ਼ ਲਾਲ ਸਰਪੰਚ, ਗੁਰਚਰਨ ਸਿੰਘ ਹਵਾਸ ਅਤੇ ਜਗਮੋਹਣ ਕਲੇਰ ਹਵਾਸ ਆਦਿ ਹਾਜਰ ਸਨ।

# ਗ੍ਰਿਹ ਮੰਤਰਾਲੇ ਨੇ ਰੱਦ ਕੀਤੀ ਭਾਰਤੀ ਮੂਲ ਦੇ ਲੋਕਾਂ ਦੀ 'ਕਾਲੀ ਸੂਚੀ'

**ਨਵੀਂ ਦਿੱਲੀ (ਬਿਊਰੋ)–** ਗ੍ਰਿਹ ਮੰਤਰਾਲੇ ਨੇ ਭਾਰਤੀ ਮੂਲ ਦੇ ਉਨ੍ਹਾਂ ਲੋਕਾਂ ਦੀ 'ਕਾਲੀ ਸੂਚੀ' ਖ਼ਤਮ ਕਰ ਦਿੱਤੀ ਹੈ, ਜਿਨ੍ਹਾਂ ਨੇ ਭਾਰਤ 'ਚ ਕਥਿਤ ਅੱਤਿਆਚਾਰ ਦੀ ਸ਼ਿਕਾਇਤ ਤਹਿਤ ਵਿਦੇਸ਼ਾਂ 'ਚ ਪਨਾਹ ਲਈ ਹੋਈ ਸੀ। ਵਿਦੇਸ਼ਾਂ 'ਚ ਭਾਰਤੀ ਹਾਈ ਕਮਿਸ਼ਨਰਾਂ ਤੇ ਅੰਬੈਸੀਆਂ ਵੱਲੋਂ ਤਿਆਰ ਕੀਤੀ ਜਾਣ ਵਾਲੀ ਇਸ ਸੂਚੀ 'ਚ ਵਧੇਰੇ ਸਿੱਖ ਸਨ।

BLACK LIST

ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਤਰ੍ਹਾਂ ਦੇ ਸਾਰੇ ਵਿਅਕਤੀਆਂ ਨੂੰ ਰੈਗੂਲਰ ਵੀਜ਼ੇ ਨਾਲ ਹੀ ਭਾਰਤ ਦੇ ਪਰਵਾਸੀ ਨਾਗਰਿਕ (ਓਸੀਆਈ) ਦਿੱਤੇ ਜਾਣਗੇ। ਭਾਰਤੀ ਮੂਲ ਦੇ ਸ਼ਰਨਾਰਥੀਆਂ ਨੂੰ ਭਾਰਤੀ ਦੂਤਘਰਾਂ ਤੇ ਹਾਈ ਕਮਿਸ਼ਨਾਂ ਨੇ ਉਦੋਂ ਤੋਂ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਦੋਂ ਤੋਂ ਉਨ੍ਹਾਂ ਨੇ ਭਾਰਤ 'ਚ ਕਥਿਤ ਅੱਤਿਆਚਾਰ ਦੀ ਗੱਲ ਕਹਿ ਕੇ ਵਿਦੇਸ਼ 'ਚ ਪਨਾਹ ਲਈ ਹੋਈ ਸੀ। ਗ੍ਰਿਹ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਮੰਤਰਾਲੇ ਨੇ ਹੁਣ ਅਜਿਹੀ ਕਿਸੇ ਵੀ ਤਰ੍ਹਾਂ ਦੀ ਸਥਾਨਕ ਸੂਚੀ ਰੱਖਣੀ ਬੰਦ ਕਰ ਦਿੱਤੀ ਹੈ। ਹੁਣ ਅਜਿਹੇ ਸ਼ਰਨਾਰਥੀ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰ, ਜਿਹੜੇ ਭਾਰਤ ਸਰਕਾਰ ਦੀ ਮੁੱਖ ਸੂਚੀ 'ਚ ਨਹੀਂ ਹਨ, ਉਨ੍ਹਾਂ ਨੂੰ ਉਸ ਦੇਸ਼ ਦੇ ਵਿਦੇਸ਼ੀਆਂ ਵਾਂਗ ਹੀ ਵੀਜ਼ਾ ਤੇ ਕਾਰੋਬਾਰੀ ਸੇਵਾ ਦਿੱਤੀ ਜਾਵੇਗੀ ਜਿਸ 'ਚ ਉਹ ਰਹਿੰਦੇ ਹਨ। ਇਸ ਤਰ੍ਹਾਂ ਦੇ ਭਾਰਤਵੰਸ਼ੀਆਂ 'ਚ ਵਧੇਰੇ ਸਿੱਖ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਜੇਕਰ ਘੱਟ ਤੋਂ ਘੱਟ ਦੋ ਸਾਲ ਤਕ ਆਮ ਭਾਰਤੀ ਵੀਜ਼ਾ ਰੱਖਦੇ ਹਨ ਤਾਂ ਓਸੀਆਈ ਕਾਰਡ ਵੀ ਹਾਸਲ ਕਰ ਸਕਦੇ ਹਨ।

# ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੀ ਮੀਟਿੰਗ

**ਲੁਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੀ ਇਕ ਵਿਸ਼ੇਸ਼ ਮੀਟਿੰਗ ਐਡਵੋਕੇਟ ਹਰਭਜਨ ਦਾਸ ਸਾਂਪਲਾ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੇ ਮੁੱਖ ਦਫਤਰ 'ਤਕਸ਼ਿਲਾ ਮਹਾਂਬੁੱਧ ਵਿਹਾਰ' ਵਿਖੇ ਹੋਈ, ਜਿਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਤਿੰਨ ਦਰਜਨ ਮੈਂਬਰਾਂ ਨੇ ਹਿੱਸਾ ਲਿਆ। ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬੁੱਧ ਪੂਰਨਿਮਾ ਮਹੋਤਸਵ ਸੂਬਾ ਪੰਜਾਬ ਪੱਧਰ ਤੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਪੂਰੀ ਸ਼ਰਧਾ ਅਤੇ ਧੂੰਮ ਧਾਮ ਨਾਲ 18 ਮਈ 2019 ਨੂੰ ਸਵੇਰੇ 10 ਵਜੇ ਮਨਾਇਆ ਜਾਵੇਗਾ।



ਭਿਖਸ਼ੂ ਦਰਸ਼ਨ ਦੀਪ ਬਰੇਲੀ (ਯੂ. ਪੀ.) ਅਤੇ ਭਿਖਸ਼ੂ ਪ੍ਰਗਿਆ ਬੋਧੀ ਇੰਚਾਰਜ ਤਕਸ਼ਿਲਾ ਮਹਾਂਬੁੱਧ ਵਿਹਾਰ ਪੰਜਾਬ ਧੰਮਦੇਸਣਾ ਕਰਨਗੇ ਅਤੇ ਪ੍ਰਵਚਨ ਕਰਨਗੇ। ਇਸ ਉਪਰੰਤ ਲੰਗਰ ਵਰਤਾਇਆ ਜਾਵੇਗਾ। ਅੱਜ ਦੀ ਇਯ ਮੀਟਿੰਗ ਵਿਚ ਭਿਖਸ਼ੂ ਪ੍ਰਗਿਆ ਬੋਧੀ ਜੀ ਨੇ ਵੇਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹ ਕੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਵਾਈ। ਐਡਵੋਕੇਟ ਹਰਭਜਨ ਦਾਸ ਸਾਂਪਲਾ, ਦਲਬੀਰ ਸਿੰਘ ਸਰੋਆ, ਸ਼ਾਮ ਲਾਲ ਜੱਸਲ, ਰਾਮਦਾਸ ਗੁਰੂ ਅਤੇ ਵਿਨੋਦ ਕੁਮਾਰ ਗੌਤਮ ਵਿਸ਼ੇਸ਼ ਤੌਰ ਤੇ ਪਹੁੰਚੇ।




# Dr. B. R. Ambedkar people education and welfare aid society, Punjab, India

ਜੈ ਭੀਮ

ਜੈ ਭਾਰਤ

## ਡਾ. ਬੀ.ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੁਸਾਇਟੀ, ਪੰਜਾਬ, ਇੰਡੀਆ

ਸਹਿਯੋਗੀ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਸੰਗਤ ਦੇ ਸਹਿਯੋਗ ਨਾਲ ਚੱਲ ਰਹੀ ਸੰਸਥਾ

ਬਾਬਾ ਸਾਹਿਬ ਦੇ ਜੀਵਨ ਅਤੇ ਸੰਦੇਸ਼ ਦੇ ਵਿਸ਼ੇ 'ਤੇ ਵਿਚਾਰ ਚਰਚਾ ਹੋਵੇਗੀ ਅਤੇ ਮਿਸ਼ਨਰੀ ਕਲਾਕਾਰ ਭਾਗ ਲੈਣਗੇ



ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਪਰਿਵਾਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਸਹਿਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ

### ਪ੍ਰੋਗਰਾਮ

ਦਿਨ: 11 ਮਈ 2019
ਸਮਾਂ: ਸ਼ਾਮ 5 ਵਜੇ ਤੋਂ 10 ਵਜੇ ਤੱਕ
ਸਥਾਨ:
7323 Home Leisure Plaza SUITE #6
Sacramento, CA 95823

### ਜਾਣਕਾਰੀ ਲਈ ਸੰਪਰਕ ਕਰੋ:

ਸ੍ਰੀ ਮੋਹਿੰਦਰ ਸਿੰਘ ਧਾਮੀ 916-917-2075
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ 530-713-1823
ਸ੍ਰੀ ਦਲਵਿੰਦਰ ਰੱਲ੍ਹ 530-933-3938

### ਬੇਨਤੀ ਕਰਤਾ ਅਤੇ ਸਹਿਯੋਗੀ:

ਸ਼੍ਰੀ ਦਰਸ਼ਨ ਵਿਰਕ, ਸ਼੍ਰੀ ਰਾਮ ਸੇਵਕ ਭਾਟੀਆ, ਸ਼੍ਰੀ ਪ੍ਰਸ਼ੋਤਮ ਸ਼ੂਦ, ਸ਼੍ਰੀ ਜੋਗਿੰਦਰ ਚੁੰਬਰ , ਸ਼੍ਰੀ ਲਸ਼ਕਰ ਸਿੰਘ ਬੱਧਣ, ਸ਼੍ਰੀ ਤੇਜਪਾਲ ਵਿਰਕ, ਸ਼੍ਰੀ ਸੁਰਿੰਦਰ ਸਿੰਘ ਮੱਲ, ਸ਼੍ਰੀ ਹਰਬੰਸ ਸਿੰਘ ਰੱਲ, ਸ਼੍ਰੀ ਕੇਵਲ ਬੋਲੀਨਾ, ਸ਼੍ਰੀ ਗੁਰਮੇਲ ਰਾਜ ਕਾਜਲਾ, ਸ਼੍ਰੀ ਮਨਜੀਤ ਪਾਲ, ਸ਼੍ਰੀ ਇੰਦਰਜੀਤ ਪੜਵੱਗਾ, ਸ਼੍ਰੀ ਰਾਜ ਸੂਦ, ਸ਼੍ਰੀ ਬਲਜੀਤ ਸਿੰਘ

**ਵਿਸ਼ੇਸ਼ ਸਹਿਯੋਗੀ: ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ, ਯੂਬਾ ਸਿਟੀ (ਕੈਲੇਫੋਰਨੀਆ)**

ਸ਼੍ਰੀ ਪ੍ਰੇਮ ਸੋਂਧੀ (530) 751- 3887 (ਪ੍ਰਧਾਨ), ਸ਼੍ਰੀ ਸੰਤੋਖ ਗਿੱਲ (530) 740- 3056 (ਸਟੇਜ ਸਕੱਤਰ)

**ਚਾਹ, ਪਾਣੀ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ ਜੀ**

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ/ ਸੈਕਰਾਮੈਂਟੋ ਦੀ 19ਵੀਂ ਅੰਤਰ ਰਾਸ਼ਟਰੀ ਕਾਨਫਰੰਸ ਹੋਈ





(ਰਿਪੋਰਟ ਦੇਖੋ ਸਫਾ 16 'ਤੇ)






















DO YOU HAVE $3,000? If yes, we can help you buy your own home today using a down-payment assistance loan program.

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




4 Bedrooms, 2.5 Bathrooms, Sq Ft: 1596
Lot Size: 6,098,
Listing Price: 279,900
Sacramento, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




4 Bedrooms, 3.5 Bathrooms,
Sq Ft: 2,612, Lot Size: 8,425,
Listing Price: 619,000
Tracy, CA




8 Bedrooms, 3 Bathrooms,
Sq Ft: 1973,Lot Size: 8,102,
Listing Price $1,080,000
Pleasant Hills, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




5 Bedrooms, 2.5 Bathrooms,
Sq Ft: 2,504, Lot Size: 6,574,
Listing Price $399,000
Sacramento, CA




5 Bedrooms, 3 Bathrooms,
Sq Ft: 2.045, Lot Size: 5,284,
Listing Price $419,000
Elk Grove, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA




BH HS
BERKSHIRE HATHAWAY
Home Services
Elite Real Estate

SPECIALISE IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

OFFICE: 7412 ELSIE AVE., SACRAMENTO, CA 95828

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM


ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਅੰਗ-ਸੰਗ

# ਸਵਾਲ-ਕਰਤਾ ਦੇਸ਼-ਧ੍ਰੋਹੀ ਹੋ ਨਹੀਂ ਸਕਦਾ



ਸ਼ਾਮ ਸਿੰਘ
98141-13338

**ਦੇਸ਼ ਦਾ ਨਾਗਰਿਕ ਹੁੰਦਿਆਂ ਬੜਾ ਹੋ ਕੇ ਉਸ ਦੇ ਜ਼ਿਹਨ ਵਿੱਚ ਆਪਣੇ ਰਾਜ ਬਾਰੇ ਕਈ ਤਰ੍ਹਾਂ ਦੇ ਸਵਾਲ ਪੈਦਾ ਹੁੰਦੇ, ਜਿਹੜੇ ਉਹ ਨੇਤਾਵਾਂ ਨੂੰ ਕਰਦਾ ਰਹਿੰਦਾ, ਜਿਨ੍ਹਾਂ 'ਚੋਂ ਕੁਝ ਦੇ ਜਵਾਬ ਮਿਲਦੇ, ਕੁਝ ਦੇ ਨਾ ਮਿਲਦੇ। ਕਈ ਵਾਰ ਉਸ ਨੂੰ ਗੁੱਸਾ ਵੀ ਆਉਂਦਾ ਕਿ ਰਾਜ ਦੇ ਲੋਕਾਂ ਦੀਆਂ ਵੋਟਾਂ 'ਤੇ ਪਲਣ ਵਾਲੇ ਇਹ ਨੇਤਾ ਲੋਕ ਸਵਾਲਾਂ ਦੇ ਜਵਾਬ ਦੇਣ ਦਾ ਹੌਸਲਾ ਕਿਉਂ ਨਹੀਂ ਕਰਦੇ। ਅਸਲ ਵਿੱਚ ਗੱਲ ਇਹ ਹੁੰਦੀ ਹੈ ਕਿ ਲੋਕਾਂ ਦਾ ਭਲਾ ਕਰਨ ਲਈ ਭੇਜੇ ਇਹ ਪ੍ਰਤੀਨਿਧ ਨਿੱਜ ਨੂੰ ਪਾਲਣ ਜਾਂ ਫੇਰ ਨੇੜਲਿਆਂ ਨੂੰ ਪਾਲਣ ਲੱਗ ਪੈਂਦੇ ਹਨ ਅਤੇ ਜਨਤਾ ਨੂੰ ਯਾਦ ਨਹੀਂ ਰੱਖਦੇ। ਲੋਕਾਂ ਨਾਲੋਂ ਦੂਰ ਹੁੰਦੇ ਹਨ ਤਾਂ ਲੋਕ ਦੁਖੀ ਨਾ ਹੋਣ, ਤਾਂ ਕੀ ਕਰਨ?**

ਲੱਭਣ ਤੁਰੇ ਸਾਂ ਜ਼ਿੰਦਗੀ ਖ਼ਿਆਲਾਂ ਦੇ ਸ਼ਹਿਰ ਵਿੱਚ,
ਮੁੱਕਿਆ ਸਫ਼ਰ ਤਾਂ ਸਾਰਾ ਸਵਾਲਾਂ ਦੇ ਸ਼ਹਿਰ ਵਿੱਚ।

ਸਵਾਲ ਤਾਂ ਮਾਂ ਦੀ ਗੋਦੀ ਵਿੱਚ ਬੈਠੇ ਬੱਚੇ ਤੋਂ ਹੀ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਨੂੰ ਸੁਣ ਕੇ ਮਾਂ ਸਹੀ ਜਵਾਬ ਦਿੰਦੀ ਹੈ, ਟਾਲਦੀ ਨਹੀਂ, ਉਕਤਾਂਦੀ ਨਹੀਂ, ਥੱਕਦੀ ਨਹੀਂ। ਬੱਚਾ ਜਿੰਨੇ ਮਰਜ਼ੀ ਬੇ-ਹਿਸਾਬੇ ਸਵਾਲ ਪੁੱਛੇ, ਮਾਤਾ ਸ਼ਾਂਤ-ਚਿੱਤ ਰਹਿ ਕੇ ਤੋਤਲੀ ਜ਼ੁਬਾਨ ਵਾਲੇ ਨੂੰ ਵੀ ਢੁਕਵੇਂ ਅੰਦਾਜ਼ ਵਿੱਚ ਉਸ ਦੇ ਮੇਚ ਦੇ ਬੋਲਾਂ ਵਿੱਚ ਸੰਤੁਸ਼ਟ ਕਰਦੀ ਹੈ, ਕਦੀ ਗੁੱਸੇ ਨਹੀਂ ਹੁੰਦੀ। ਬਾਲ ਪਿਤਾ ਅਤੇ ਨਾਲ ਦੇ ਭੈਣ-ਭਰਾਵਾਂ ਤੋਂ ਵੀ ਸਵਾਲ ਪੁੱਛਦਾ ਹੈ, ਪਰ ਕੋਈ ਗੁੱਸੇ ਨਹੀਂ ਹੁੰਦਾ।

ਜੇ ਉਹ ਕੋਈ ਤਿੱਖਾ ਸਵਾਲ ਵੀ ਕਰ ਦੇਵੇ ਤਾਂ ਵੀ ਉਸ ਦਾ ਜਵਾਬ ਦਿੱਤਾ ਜਾਂਦਾ ਹੈ, ਟਾਲਿਆ ਨਹੀਂ ਜਾਂਦਾ। ਉਸ ਦੀ ਤਿੱਖੀ ਸੁਰ ਵਿਰੋਧੀ ਅੰਦਾਜ਼ ਅਤੇ ਰੋਸ ਵਾਲੀ ਆਵਾਜ਼ ਸੁਣ ਕੇ ਵੀ ਘਰ ਵਾਲੇ ਉਸ ਨੂੰ ਕਿਸੇ ਤਰ੍ਹਾਂ ਵੀ ਘਰ-ਧ੍ਰੋਹੀ ਗਰਦਾਨਣ ਬਾਰੇ ਸੋਚਦੇ ਤੱਕ ਨਹੀਂ। ਸਿੱਧੀ ਜਿਹੀ ਗੱਲ ਹੈ ਘਰ ਦਾ ਬੱਚਾ ਘਰ-ਧ੍ਰੋਹੀ ਹੋ ਹੀ ਨਹੀਂ ਸਕਦਾ।

ਉਮਰ ਅੱਗੇ ਤੁਰੀ ਤਾਂ ਬੱਚੇ ਨੂੰ ਸਕੂਲ ਭੇਜਿਆ ਗਿਆ। ਜਿਹੜੀ ਗੱਲ ਸੁਣੇ, ਪਰ ਸਮਝ ਨਾ ਆਵੇ ਤਾਂ ਮਾਸਟਰ ਨੂੰ ਸਵਾਲ ਕਰੇ। ਜਵਾਬ ਸੁਣੇ, ਸਮਝੇ। ਜਵਾਬ 'ਚੋਂ ਹੋਰ ਸਵਾਲ ਉੱਠ ਖੜ੍ਹੇ ਹੋਣ। ਉਹ ਸਵਾਲ 'ਤੇ ਸਵਾਲ ਕਰੇ, ਪਰ ਮਾਸਟਰ ਕਦੇ ਨਾ ਅੱਕੇ। ਸਵਾਲਾਂ ਦੇ ਜਵਾਬ ਸੁਣਦਾ ਅਤੇ ਲਿਖਦਾ ਲਿਖਦਾ ਕਾਲਜ ਪਹੁੰਚ ਕੇ ਫੇਰ ਪ੍ਰੋਫ਼ੈਸਰਾਂ ਅੱਗੇ ਸਵਾਲ ਖੜ੍ਹੇ ਕਰਦਾ। ਯੂਨੀਵਰਸਿਟੀ ਪਹੁੰਚ ਕੇ ਵੀ ਉਹ ਚੁੱਪ ਨਾ ਕਰਦਾ। ਉਸ ਦੇ ਦਿਮਾਗ਼ ਵਿੱਚ ਸਵਾਲ ਭਖਦੇ ਰਹਿੰਦੇ ਅਤੇ ਉਹ ਪੁੱਛਣ ਤੋਂ ਨਾ ਹਟਦਾ। ਮਾਸਟਰ ਤੇ ਪ੍ਰੋਫ਼ੈਸਰ ਸਵਾਲਾਂ ਦੇ ਜਵਾਬ ਦਿੰਦੇ ਅਤੇ ਹੋਰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰਦੇ ਰਹਿੰਦੇ। ਕਦੇ ਕਿਸੇ ਮਾਸਟਰ ਨੇ ਬੱਚੇ ਨੂੰ ਸਕੂਲ-ਧ੍ਰੋਹੀ ਨਹੀਂ ਕਿਹਾ। ਕਿਸੇ ਪ੍ਰੋਫ਼ੈਸਰ ਨੇ ਕਾਲਜ-ਧ੍ਰੋਹੀ ਨਹੀਂ ਆਖਿਆ ਅਤੇ ਨਾ ਹੀ ਯੂਨੀਵਰਸਿਟੀ ਧਰੋਹੀ। ਸਵਾਲ ਕਰਨਾ ਉਨ੍ਹਾਂ ਦਾ ਹੱਕ ਹੈ, ਫੇਰ ਐਵੇਂ ਕਿਵੇਂ ਹੱਕ ਕਿਉਂ ਛੱਡ ਦੇਣ।

ਦੇਸ਼ ਦਾ ਨਾਗਰਿਕ ਹੁੰਦਿਆਂ ਬੜਾ ਹੋ ਕੇ ਉਸ ਦੇ ਜ਼ਿਹਨ ਵਿੱਚ ਆਪਣੇ ਰਾਜ ਬਾਰੇ ਕਈ ਤਰ੍ਹਾਂ ਦੇ ਸਵਾਲ ਪੈਦਾ ਹੁੰਦੇ, ਜਿਹੜੇ ਉਹ ਨੇਤਾਵਾਂ ਨੂੰ ਕਰਦਾ ਰਹਿੰਦਾ, ਜਿਨ੍ਹਾਂ 'ਚੋਂ ਕੁਝ ਦੇ ਜਵਾਬ ਮਿਲਦੇ, ਕੁਝ ਦੇ ਨਾ ਮਿਲਦੇ। ਕਈ ਵਾਰ ਉਸ ਨੂੰ ਗੁੱਸਾ ਵੀ ਆਉਂਦਾ ਕਿ ਰਾਜ ਦੇ ਲੋਕਾਂ ਦੀਆਂ ਵੋਟਾਂ 'ਤੇ ਪਲਣ ਵਾਲੇ ਇਹ ਨੇਤਾ ਲੋਕ ਸਵਾਲਾਂ ਦੇ ਜਵਾਬ ਦੇਣ ਦਾ ਹੌਸਲਾ ਕਿਉਂ ਨਹੀਂ ਕਰਦੇ।

ਅਸਲ ਵਿੱਚ ਗੱਲ ਇਹ ਹੁੰਦੀ ਹੈ ਕਿ ਲੋਕਾਂ ਦਾ ਭਲਾ ਕਰਨ ਲਈ ਭੇਜੇ ਇਹ ਪ੍ਰਤੀਨਿਧ ਨਿੱਜ ਨੂੰ ਪਾਲਣ ਜਾਂ ਫੇਰ ਨੇੜਲਿਆਂ ਨੂੰ ਪਾਲਣ ਲੱਗ ਪੈਂਦੇ ਹਨ ਅਤੇ ਜਨਤਾ ਨੂੰ ਯਾਦ ਨਹੀਂ ਰੱਖਦੇ। ਲੋਕਾਂ ਨਾਲੋਂ ਦੂਰ ਹੁੰਦੇ ਹਨ ਤਾਂ ਲੋਕ ਦੁਖੀ ਨਾ ਹੋਣ, ਤਾਂ ਕੀ ਕਰਨ? ਸਵਾਲਾਂ ਦੇ ਜਵਾਬ ਦੇਣ ਵੇਲੇ ਗੁੱਸੇ ਹੁੰਦੇ ਹਨ ਅਤੇ ਕਈ ਵਾਰ ਤਾਂ ਦਿੰਦੇ ਹੀ ਨਹੀਂ। ਪੱਤਰਕਾਰਾਂ 'ਤੇ ਗੁੱਸੇ ਹੁੰਦੇ ਹਨ ਅਤੇ ਕਈ ਵਾਰ ਸਵਾਲ ਕਰਤਾ ਮਾਰ ਖਾਣ ਤੋਂ ਵੀ ਨਹੀਂ ਬਚਦਾ।

ਜੇ ਸਵਾਲ ਦੇਸ਼ ਦੇ ਵੱਡੇ ਹਾਕਮਾਂ ਕੋਲੋਂ ਪੁੱਛਣ ਵਾਲਾ ਹੋਵੇ ਤਾਂ ਆਮ ਬੰਦੇ ਦੀ ਤਾਂ ਉਥੋਂ ਤੱਕ ਪਹੁੰਚ ਹੀ ਨਹੀਂ ਹੁੰਦੀ। ਜੇਕਰ ਕਿਸੇ ਵਜ਼ੀਰ ਜਾਂ ਵਜ਼ੀਰੇ-ਆਜ਼ਮ ਤੋਂ ਪੁੱਛਣ ਦੀ ਜੁਰਅੱਤ ਕਰ ਲਈ ਜਾਵੇ ਤਾਂ ਉਸ ਨੂੰ ਜਿਸ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਲੋਕਤੰਤਰ ਵਿੱਚ ਉਸ ਲਈ ਕੋਈ ਥਾਂ ਨਹੀਂ, ਪਰ ਤਾਨਾਸ਼ਾਹੀ ਅਜਿਹਾ ਧੱਕਾਤੰਤਰ ਕਰਦੀ ਹੈ, ਜਿਸ ਅੱਗੇ ਸਭ ਕੁਝ ਅਸਫ਼ਲ ਰਹਿ ਜਾਂਦਾ। ਵੱਡੇ ਨੇਤਾ ਨੂੰ ਸਵਾਲ ਕਰਨਾ ਹੀ ਗੁਨਾਹ ਬਣ ਜਾਂਦਾ, ਜਿਸ ਬਦਲੇ ਉਸ ਦੀ ਧੁਲਾਈ ਵੀ ਹੋ ਜਾਂਦੀ ਹੈ ਅਤੇ ਮਾਨਸਿਕ ਪੀੜਾ ਵੀ। ਕਿਸੇ ਮੰਤਰੀ ਬਾਰੇ ਸਵਾਲ ਉਠਾਉਣਾ ਹੀ ਗਲਤ ਸਮਝਿਆ ਜਾਂਦਾ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾਂਦਾ। ਪ੍ਰਧਾਨ ਮੰਤਰੀ ਬਾਰੇ ਸਵਾਲ ਕਰਨ ਵਾਲੇ ਨੂੰ ਤਾਂ ਸਿੱਧਾ ਹੀ ਦੇਸ਼-ਧ੍ਰੋਹੀ ਗਰਦਾਨ ਦਿੱਤਾ ਜਾਂਦਾ ਹੈ, ਜਿਸ ਕਾਰਨ ਸਵਾਲ-ਕਰਤਾ ਸਵਾਲ ਦੇ ਰਾਹ ਹੀ ਨਹੀਂ ਪੈਂਦੇ।

ਜਦ ਮਾਹਿਰਾਂ ਨਾਲ ਗੱਲ ਵਿਚਾਰੀ ਤਾਂ ਸਭ ਇਹ ਹੀ ਕਹਿ ਰਹੇ ਸਨ ਕਿ ਲੋਕਤੰਤਰ ਵਿੱਚ ਵਿਚਾਰ-ਚਰਚਾ ਕਰਨੀ ਵੀ ਇਕਦਮ ਜਾਇਜ਼ ਹੈ ਅਤੇ ਸਵਾਲ ਉਠਾਉਣੇ ਵੀ। ਅਜਿਹਾ ਕਰਨ ਦਾ ਹੱਕ ਦੇਸ਼ ਦੇ ਸੰਵਿਧਾਨ ਵਿੱਚ ਦਿੱਤਾ ਗਿਆ ਹੈ, ਜਿਸ ਨੂੰ ਦੇਸ਼ ਦੇ ਜਿਹੜੇ ਨੇਤਾ ਨਹੀਂ ਮੰਨਦੇ ਤਾਂ ਉਹ ਸਰੇਆਮ ਸੰਵਿਧਾਨ ਦੀ ਉਲੰਘਣਾ ਕਰਦੇ ਹਨ, ਰਾਖੀ ਬਿਲਕੁਲ ਨਹੀਂ। ਲੋਕਤੰਤਰ ਵਿੱਚ ਤਾਂ ਰਾਸ਼ਟਰਪਤੀ ਤੱਕ ਨੂੰ ਲੋਕਾਂ ਦੇ ਮਨਾਂ ਵਿੱਚ ਉੱਠਦੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਤਾਂ ਜੋ ਜਨਤਾ ਦਾ ਵਿਸ਼ਵਾਸ ਸੰਵਿਧਾਨ ਵਿੱਚ ਵੀ ਪੱਕਾ ਹੋਵੇ ਅਤੇ ਮੌਕੇ ਦੀ ਸਰਕਾਰ ਵਿੱਚ ਵੀ। ਦੇਸ਼ ਦੇ ਕਿਸੇ ਵੀ ਮਸਲੇ ਬਾਰੇ ਸਵਾਲ-ਕਰਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਲੈ ਲੈਣਾ ਠੀਕ ਨਹੀਂ, ਕਿਉਂਕਿ ਸਵਾਲ-ਕਰਤਾ ਕਿਸੇ ਤਰ੍ਹਾਂ ਵੀ ਦੇਸ਼-ਧ੍ਰੋਹੀ ਨਹੀਂ ਹੋ ਸਕਦਾ। ਜਿਹੜੇ ਸਵਾਲ-ਕਰਤਾ 'ਤੇ ਉਂਗਲ ਉਠਾਉਂਦੇ ਹਨ, ਉਹ ਮਨ ਦੇ ਸਾਫ਼ ਨਹੀਂ ਮੰਨੇ ਜਾ ਸਕਦੇ।

ਕੋਈ ਚੋਣਾਂ ਵਿੱਚ ਕੀਤੇ ਵਾਅਦਿਆਂ ਬਾਰੇ ਸਵਾਲ ਉਠਾਵੇ ਤਾਂ ਕੋਈ ਜਵਾਬ ਨਹੀਂ। ਜੇ ਜਵਾਬ ਹੈ ਤਾਂ ਦੇਸ਼ ਦੇ ਸਵਾ ਸੌ ਕਰੋੜ ਲੋਕਾਂ ਨਾਲ ਸਿੱਧਾ ਹੀ ਮਜ਼ਾਕ ਕਿ ਦਾਅਵੇ ਨਹੀਂ ਜੁਮਲੇ। ਕੋਈ ਕੀ ਕਰ ਲਊ? ਕਿੱਥੇ ਕਦੋਂ ਕਿਸ ਪਾਸ ਸ਼ਿਕਾਇਤ ਕਰੇ। ਮਸਲਾ ਬਹੁਤ ਹੀ ਗੰਭੀਰ ਹੈ, ਪਰ ਅਣਸੁਣਿਆ ਹੀ ਰਹਿ ਜਾਵੇਗਾ, ਕਿਉਂਕਿ ਇਸ ਵਿਰੁੱਧ ਕੋਈ ਅਪੀਲ ਨਹੀਂ, ਕੋਈ ਦਲੀਲ ਨਹੀਂ। ਸਰਜੀਕਲ ਅਪ੍ਰੇਸ਼ਨ ਬਾਰੇ ਸਵਾਲ ਤਾਂ ਕਰਨ ਤੋਂ ਪਹਿਲਾਂ ਹੀ ਦਬਾ ਦਿੱਤਾ ਜਾਂਦਾ। ਕੋਈ ਨਹੀਂ ਪੁੱਛ ਸਕਦਾ ਕਿੰਨੇ ਮਰੇ ਕਿੰਨੇ ਮਾਰੇ? ਪੁਲਵਾਮਾ ਦਾ ਹਾਦਸਾ ਛੁਪਿਆ ਹੀ ਆ ਰਿਹਾ। ਸਵਾਲ ਕਰਨ ਵਾਲੇ ਨੂੰ ਏਹੀ ਸੁਣਨਾ ਪਵੇਗਾ ਕਿ ਕੌਣ ਹੈਂ ਤੂੰ, ਅਜਿਹੀ ਸੋਚ ਹੈ ਤਾਂ ਪਾਕਿਸਤਾਨ ਚਲਾ ਜਾ। ਇਹ ਕੋਈ ਗੱਲ ਬਣੀ? ਇਹ ਸਵਾਲ-ਕਰਤਾ ਦਾ ਸੰਵਿਧਾਨਕ ਹੱਕ ਹੈ, ਜੋ ਦੇਸ਼-ਧ੍ਰੋਹੀ ਨਹੀਂ ਹੋ ਸਕਦਾ। ਪੰਜ ਸਾਲ ਲਈ ਚੁਣੀ ਜਾਂਦੀ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਦੇਸ਼ ਦੇ ਨਾਗਰਿਕਾਂ ਨੂੰ ਦੇਸ਼-ਭਗਤ ਦੇ ਸਰਟੀਫਿਕੇਟ ਵੰਡਣ ਦਾ ਕੰਮ ਕਰੇ। ਦੇਸ਼-ਧ੍ਰੋਹੀ ਦੀਆਂ ਸਨਦਾਂ ਤਾਂ ਬਣਾਈਆਂ ਹੀ ਨਹੀਂ ਜਾ ਸਕਦੀਆਂ, ਕਿਉਂਕਿ ਕਿਸੇ ਛਾਪੇਖਾਨੇ (ਪ੍ਰੈੱਸ) ਵਾਲੇ ਨੇ ਅਜਿਹਾ ਕੁਝ ਛਾਪਣ ਲਈ ਤਿਆਰ ਹੀ ਨਹੀਂ ਹੋਣਾ। ਜੇ ਕੋਈ ਦੇਸ਼ ਵਿੱਚ ਫੈਲਾਏ ਜਾ ਰਹੇ ਝੂਠ ਤੋਂ ਪਰਦਾ ਲਾਹੁਣ ਲਈ ਸਵਾਲ ਕਰਦਾ ਹੈ ਤਾਂ ਉਸ ਨੂੰ ਇਸ ਸੱਚਾਈ ਨੂੰ ਬਾਹਰ ਲਿਆਉਣ ਤੋਂ ਰੋਕਣਾ ਦੇਸ਼ ਭਗਤੀ ਨਹੀਂ। ਹੁਣ ਵਕਤ ਆ ਗਿਆ ਹੈ ਕਿ ਲੀਡਰ ਸੱਚ ਬੋਲਣ ਅਤੇ ਸਪੱਸ਼ਟ ਗੱਲਾਂ ਕਰਨ ਕਿਉਂਕਿ ਜਾਗਰਤ, ਪੜ੍ਹੇ-ਲਿਖੇ ਅਤੇ ਚੇਤੰਨ ਲੋਕਾਂ ਅੱਗੇ ਅਨਪੜ੍ਹਤਾ ਨਹੀਂ ਚੱਲ ਸਕਦੀ। ਜੇ ਇੱਕ ਮਹਿਕਮਾ ਹੀ ਜਵਾਬ ਦੇਣ ਲਈ ਬਣਾ ਦਿੱਤਾ ਜਾਵੇ ਤਾਂ ਸਰਕਾਰ ਆਲੋਚਨਾ ਤੋਂ ਬਚ ਸਕੇਗੀ। ਲੋਕਾਂ ਨੂੰ ਵੀ ਦੇਸ਼-ਧ੍ਰੋਹੀ ਹੋਣ ਦੇ ਦੋਸ਼ ਤੋਂ ਮੁਕਤ ਕੀਤਾ ਜਾ ਸਕੇਗਾ, ਕਿਉਂਕਿ ਸਵਾਲ-ਕਰਤਾ ਦੇਸ਼ ਧ੍ਰੋਹੀ ਹੋ ਹੀ ਨਹੀਂ ਸਕਦਾ।

### ਲਤੀਫ਼ੇ ਦਾ ਚਿਹਰਾ ਮੋਹਰਾ

ਇੱਕ ਖ਼ੂਬਸੂਰਤ ਖ਼ਿਆਲਾਂ ਵਾਲੀ ਔਰਤ ਨੇ ਆਪਣੀ ਮਾੜੀ ਸ਼ਕਲ 'ਤੇ ਵੀ ਮਾਣ ਕਰਨਾ ਕਦੇ ਨਹੀਂ ਭੁੱਲਿਆ। ਉਹ ਇੱਕ ਦਿਨ ਮਹਾਂ ਝੂਠੇ ਆਦਮੀ ਨੂੰ ਮਿਲੀ ਤਾਂ ਉਸ ਆਦਮੀ ਨੇ ਸੁੰਦਰਤਾ ਬਾਰੇ ਦੁਨੀਆ ਭਰ ਦੇ ਵਿਸ਼ੇਸ਼ਣ ਵਰਤ ਕੇ ਉਸ ਔਰਤ ਦੀ ਸੁੰਦਰਤਾ ਦੀ ਤਾਰੀਫ਼ ਕੀਤੀ। ਔਰਤ ਕਹਿਣ ਲੱਗੀ, ਤੁਸੀਂ ਗੱਪ ਤਾਂ ਨਹੀਂ ਮਾਰੀ। ਆਦਮੀ ਕਹਿਣ ਲੱਗਾ ਇਹ ਜੁਮਲਾ ਹੈ, ਗੱਪ ਨਹੀਂ।

-0-

ਲੱਗਦਾ ਹੈ ਤੁਹਾਨੂੰ ਅੱਜ ਵਾਲੀ ਪੱਤਰਕਾਰਤਾ ਦੀ ਜਾਣਕਾਰੀ ਨਹੀਂ। ਊਲ-ਜਲੂਲ ਪ੍ਰਸ਼ਨ ਪੁੱਛੇ ਜਾ ਰਹੇ ਨੇ। ਪੱਤਰਕਾਰ ਦੇ ਸਵਾਲਾਂ ਦਾ ਨੇਤਾ ਜਵਾਬ ਹੀ ਨਾ ਦੇਵੇ। ਅਗਲਾ ਸਵਾਲ ਕੀਤਾ ਤਾਂ ਨੇਤਾ ਭੜਕ ਪਿਆ ਕਿ ਤੈਨੂੰ ਪਤਾ ਹੀ ਨਹੀਂ ਸਵਾਲ ਕੀ ਕਰਨਾ ਹੈ ਨੇਤਾ ਪੱਤਰਕਾਰ ਨੂੰ ਕਹਿਣ ਲੱਗਾ ਕਿ ਤੈਨੂੰ ਪੁੱਛੇ ਜਾਣ ਵਾਲੇ ਉਨ੍ਹਾਂ ਸਵਾਲਾਂ ਦੀ ਸੂਚੀ ਨਹੀਂ ਮਿਲੀ, ਜੋ ਪੁੱਛੇ ਜਾਣੇ ਹਨ?

# ਬਹੁਜਨ ਸਮਾਜ ਪਾਰਟੀ ਨੇ ਪੰਜਾਬ 'ਚ ਸਿਰ ਚੁੱਕਿਆ

## ਜਲੰਧਰ ਤੋਂ ਬਲਵਿੰਦਰ ਕੁਮਾਰ ਦੀ ਮੁਹਿੰਮ ਨੂੰ ਪਿੰਡਾਂ 'ਚ ਹੁੰਗਾਰਾ

## ਸੰਵਿਧਾਨ ਨੂੰ ਅਮਲੀ ਜਾਮਾ ਹੀ ਅਸਲੀ ਨਿਸ਼ਾਨਾ- ਬਲਵਿੰਦਰ ਕੁਮਾਰ

ਬਲਵਿੰਦਰ ਕੁਮਾਰ ਇੱਕ ਪੜ੍ਹਿਆ ਲਿਖਿਆ ਤੇ ਦਿਆਨਤਦਾਰ ਉਮੀਦਵਾਰ ਹੈ। ਉਸਨੇ ਆਪਣੀ ਕੰਪੇਨ ਨੂੰ ਵਿਦਵੱਤਾ ਨਾਲ ਤੋਰਿਆ ਹੈ..

1. ਡਾ. ਅੰਬੇਡਕਰ ਹੀ ਦਲਿਤ ਮੁਕਤੀ ਦਾ ਰਾਹ ਹੈ। ਉਹਨਾਂ ਦੀ ਵਿਚਾਰਧਾਰਾ ਨੂੰ ਲਾਗੂ ਕਰਨਾ ਹੀ ਸਾਡਾ ਫਰਜ਼ ਹੈ। ਆਓ ਬਸਪਾ ਮਜ਼ਬੂਤ ਕਰੀਏ !
2. ਕਾਂਗਰਸ ਸਰਕਾਰ ਨੇ ਪੰਜਾਬ ਦੇ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕੀਮ ਬੰਦ ਕਰਕੇ ਰੱਖ ਦਿੱਤੀ ਹੈ। ਇਹਨਾਂ ਦਾ ਵਿਰੋਧ ਕਰੋ।
3. ਸਿਖਿਆ ਸਾਡਾ ਸੰਵਿਧਾਨਕ ਅਧਿਕਾਰ ਹੈ, ਕਾਂਗਰਸ ਨੇ ਸਿਖਿਆ ਨੂੰ ਖੇਡ ਬਣਾ ਦਿੱਤਾ ਹੈ। ਇਹਨਾਂ ਕੋਲੋਂ ਹੱਕ ਲੈਣ ਲਈ ਸੰਘਰਸ਼ ਦੀ ਜ਼ਰੂਰਤ ਹੈ।
4. ਬਹੁਜਨ ਸਮਾਜ ਪਾਰਟੀ ਨੇ ਹਮੇਸ਼ਾ ਗਰੀਬ ਦੀ ਬਾਂਹ ਫੜੀ ਹੈ, ਆਓ ਇਸਦਾ ਝੰਡਾ ਬੁਲੰਦ ਕਰੀਏ ਤੇ ਸਮਾਜ ਬਚਾਈਏ।







# ਆਦਰਸ਼ ਚੋਣ ਜ਼ਾਬਤੇ ਉੱਤੇ ਉਠਦੇ ਸਵਾਲ

**ਭਾਰਤੀ ਲੋਕਤੰਤਰ ਵਿੱਚ ਲੋਕ ਸਭਾ ਦੀਆਂ ਸਤਾਰਵੀਆਂ ਚੋਣਾਂ ਹੋ ਰਹੀਆਂ ਹਨ। ਇਹਨਾ ਚੋਣਾਂ 'ਚ ਕਈ ਗੰਭੀਰ ਸਵਾਲ ਖੜੇ ਹੋ ਰਹੇ ਹਨ। ਇਹਨਾ ਚੋਣਾਂ ਵਿੱਚ ਪ੍ਰਚਾਰ ਦੇ ਦਰਮਿਆਨ ਘਟੀਆ ਅਤੇ ਸ਼ਰਮਨਾਕ ਦੂਸ਼ਣ ਬਾਜੀ ਹੋ ਰਹੀ ਹੈ। ਚੋਣ ਕਮਿਸ਼ਨ ਕਿਸੇ ਨੇਤਾ ਨੂੰ 48 ਗੰਟਿਆਂ ਲਈ ਅਤੇ ਕਿਸੇ ਨੂੰ ਬਹੱਤਰ ਘੰਟਿਆਂ ਲਈ ਚੋਣ ਪ੍ਰਚਾਰ ਕਰਨ ਤੋਂ ਵਰਜ ਦਿੰਦਾ ਹੈ, ਕਦੇ ਉਸ ਵਲੋਂ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਨੇਤਾਵਾਂ ਵਿਰੁੱਧ ਕੋਈ ਵੀ ਸਖ਼ਤ ਕਾਰਵਾਈ ਕਰਨ ਤੋਂ ਚੋਣ ਕਮਿਸ਼ਨ ਕੰਨੀ ਕਤਰਾਉਂਦਾ ਹੈ।**



ਗੁਰਮੀਤ ਪਲਾਹੀ
91-98158-02070

ਆਜ਼ਾਦ, ਨਿਰਪੱਖ ਅਤੇ ਸਮੇਂ ਸਿਰ ਚੋਣਾਂ ਹੋਣ ਦੇ ਕਾਰਨ ਅਸੀਂ ਆਪਣੇ ਲੋਕਤੰਤਰ ਉਤੇ ਮਾਣ ਕਰ ਸਕਦੇ ਹਾਂ। ਪਰ ਦੇਸ਼ ਅਤੇ ਸਿਆਸੀ ਪਾਰਟੀਆਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸਾਡੀ ਪੂਰੀ ਚੋਣ ਪ੍ਰੀਕ੍ਰਿਆ ਬਦਤਰ ਅਤੇ ਖਰਚੀਲੀ ਹੋ ਗਈ ਹੈ। ਸਾਡੀਆਂ ਸਿਆਸੀ ਪਾਰਟੀਆਂ ਮੁੱਦਿਆਂ ਰਹਿਤ ਰਾਜਨੀਤੀ ਕਰਦਿਆਂ ਭੱਦੇ ਚੋਣ ਪ੍ਰਚਾਰ 'ਚ ਰੁੱਝੀਆਂ ਹੋਈਆਂ ਅਤੇ ਚੋਣ ਕਮਿਸ਼ਨ ਵਲੋਂ ਨੀਅਤ ਕੀਤੇ ਚੋਣ ਜਾਬਤੇ ਦੀ ਲਗਾਤਾਰ ਉਲੰਘਣਾ ਕਰ ਰਹੀਆਂ ਹਨ।

ਭਾਰਤੀ ਲੋਕਤੰਤਰ ਵਿੱਚ ਲੋਕ ਸਭਾ ਦੀਆਂ ਸਤਾਰਵੀਆਂ ਚੋਣਾਂ ਹੋ ਰਹੀਆਂ ਹਨ। ਇਹਨਾ ਚੋਣਾਂ 'ਚ ਕਈ ਗੰਭੀਰ ਸਵਾਲ ਖੜੇ ਹੋ ਰਹੇ ਹਨ। ਇਹਨਾ ਚੋਣਾਂ ਵਿੱਚ ਪ੍ਰਚਾਰ ਦੇ ਦਰਮਿਆਨ ਘਟੀਆ ਅਤੇ ਸ਼ਰਮਨਾਕ ਦੂਸ਼ਣ ਬਾਜੀ ਹੋ ਰਹੀ ਹੈ। ਚੋਣ ਕਮਿਸ਼ਨ ਕਿਸੇ ਨੇਤਾ ਨੂੰ 48 ਗੰਟਿਆਂ ਲਈ ਅਤੇ ਕਿਸੇ ਨੂੰ ਬਹੱਤਰ ਘੰਟਿਆਂ ਲਈ ਚੋਣ ਪ੍ਰਚਾਰ ਕਰਨ ਤੋਂ ਵਰਜ ਦਿੰਦਾ ਹੈ, ਕਦੇ ਉਸ ਵਲੋਂ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਨੇਤਾਵਾਂ ਵਿਰੁੱਧ ਕੋਈ ਵੀ ਸਖ਼ਤ ਕਾਰਵਾਈ ਕਰਨ ਤੋਂ ਚੋਣ ਕਮਿਸ਼ਨ ਕੰਨੀ ਕਤਰਾਉਂਦਾ ਹੈ। ਪਿਛਲੇ ਦਿਨੀ ਚੋਣ ਕਮਿਸ਼ਨ ਨੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਅਲੀ ਤੇ ਬਜਰੰਗ ਬਲੀ ਵਾਲੇ ਬਿਆਨ ਤੋਂ ਬਾਅਦ ਬਾਬਰ ਕੀ ਔਲਾਦ ਵਾਲੇ ਬਿਆਨ ਉਤੇ ਨੋਟਿਸ ਜਾਰੀ ਕੀਤਾ ਹੈ। ਇਸ ਸੰਦਰਭ ਵਿੱਚ ਉਹਨਾ ਨੇ ਇੱਕ ਇੰਟਰਵੀਊ ਇਲੈਕਟ੍ਰੋਨਿਕ ਮੀਡੀਆ 'ਚ ਦਿੱਤੀ ਹੈ, ਜਿਸ ਵਿੱਚ ਉਹਨਾ ਕਿਹਾ ਕਿ ਕੀ ਅਸੀਂ ਮੰਚ ਤੇ ਭਜਨ ਗਾਉਣ ਜਾਂਦੇ ਹਾਂ? ਅਸੀਂ ਤਾਂ ਵਿਰੋਧੀ ਪਾਰਟੀਆਂ ਨੂੰ ਹਰਾਉਣ ਜਾਂਦੇ ਹਾਂ ਅਤੇ ਆਪਣੀ ਗੱਲ ਕਹਿੰਦੇ ਹਾਂ। ਯੋਗੀ ਨੇ ਸੰਭਲ ਵਿੱਚ 19 ਅਪ੍ਰੈਲ ਦੀ ਰੈਲੀ ਵਿੱਚ ਕਿਹਾ ਸੀ ਕਿ ਤੁਸੀਂ ਦੇਸ਼ ਦੀ ਸੱਤਾ ਦਹਿਸ਼ਤਗਰਦਾਂ ਹਵਾਲੇ ਕਰ ਦਿਓਗੇ, ਜਿਹੜੇ ਖ਼ੁਦ ਨੂੰ ਬਾਬਰ ਦੀ ਔਲਾਦ ਕਹਿੰਦੇ ਹਨ ਤੇ ਜਿਹੜੇ ਬਜਰੰਗ ਬਲੀ ਦਾ ਵਿਰੋਧ ਕਰਦੇ ਹਨ। ਕੀ ਇਹੋ ਜਿਹੇ ਬਿਆਨਾਂ ਉਤੇ ਚੋਣ ਕਮਿਸ਼ਨ ਵਲੋਂ ਸਖ਼ਤ ਕਾਰਵਾਈ ਦੀ ਲੋੜ ਨਹੀਂ ਸੀ, ਜਿਹੋ ਜਿਹੀ ਕਾਰਵਾਈ ਚੋਣ ਕਮਿਸ਼ਨ ਦੇ ਸਾਬਕਾ ਚੇਅਰਮੈਨ ਟੀ ਐਨ ਸੈਸ਼ਨ ਕਰਿਆ ਕਰਦੇ ਸਨ?

ਜੇਕਰ ਸਹੀ ਤੌਰ ਤੇ ਵੇਖਿਆ ਜਾਵੇ ਤਾਂ ਕਿਸੇ ਵੀ ਦੇਖ-ਭਾਲ ਕਰ ਰਹੀ ਸਰਕਾਰ ਨੂੰ ਅਗਲੀਆਂ ਚੋਣਾਂ ਵਿੱਚ ਸਰਕਾਰੀ ਸੰਸਥਾਵਾਂ ਜਾਂ ਪ੍ਰਚਾਰ ਏਜੰਸੀਆਂ ਰਾਹੀਂ ਪ੍ਰਚਾਰ ਕਰਨ ਦਾ ਨੈਤਿਕ ਅਧਿਕਾਰ ਨਹੀਂ ਹੈ। ਮੁਢਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸਮੇਤ ਕਿਸੇ ਵੀ ਦਲ ਨੂੰ ਆਪਣੇ ਪ੍ਰਚਾਰ ਦੀਆਂ ਖ਼ਬਰਾਂ ਜਾਂ ਸੂਚਨਾਵਾਂ ਪ੍ਰਸਾਰਤ ਕਰਨ ਦੀ ਆਗਿਆ ਨਹੀਂ ਸੀ। ਉਹਨਾ ਚੋਣਾਂ 'ਚ ਸਿਰਫ਼ ਭਾਰਤੀ ਕਮਿਊਨਿਸਟ ਪਾਰਟੀ ਨੂੰ ਰੇਡੀਓ ਉਤੇ ਪ੍ਰਚਾਰ ਦੀ ਸਹੂਲਤ ਮਿਲੀ ਸੀ। ਇਹ ਸੁਵਿਧਾ ਉਸਨੂੰ ਸੋਵੀਅਤ ਸੰਘ ਦੇ ਮਾਸਕੋ ਰੇਡੀਓ ਵਲੋਂ ਮਿਲੀ ਸੀ। ਜਦੋਂ ਦੋ ਚੋਣਾਂ ਹੋ ਗਈਆਂ, ਸਿਆਸੀ ਦਲਾਂ 'ਚ ਕੁੜੱਤਣ ਵਧ ਗਈ ਤਾਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਪਹਿਲ ਕਦਮੀ ਉਤੇ ਸਾਰੀਆਂ ਪਾਰਟੀਆਂ ਨੇ ਆਦਰਸ਼ ਚੋਣ ਜਾਬਤਾ ਬਣਾਇਆ। ਇਹ ਚੋਣ ਜਾਬਤਾ 1962 ਦੀਆਂ ਕੇਰਲ ਵਿਧਾਨ ਸਭਾ ਚੋਣਾਂ ਸਮੇਂ ਲਾਗੂ ਕੀਤਾ ਗਿਆ। ਜਦੋਂ 1962 ਦੀਆਂ ਲੋਕ ਸਭਾ ਚੋਣਾਂ ਹੋਈਆਂ ਤਾਂ ਚੋਣ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਵਲੋਂ ਬਣਾਏ ਚੋਣ ਜਾਬਤਾ ਨੂੰ ਅੱਧ-ਪਚੱਧਾ ਲਾਗੂ ਕੀਤਾ ਪਰ 1967 ਦੀਆਂ ਚੋਣਾਂ 'ਚ ਪਹਿਲੀ ਵੇਰ ਚੋਣ ਜਾਬਤਾ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ। 1979 ਦੀਆਂ ਮੱਧਕਾਲੀ ਚੋਣਾਂ 'ਚ ਜਦੋਂ ਐਸ ਐਲ ਸ਼ਕਧਰ ਚੋਣ ਆਯੋਗ ਦੇ ਚੇਅਰਮੈਨ ਸਨ, ਤਾਂ ਉਹਨਾ ਨੇ ਸਿਆਸੀ ਦਲਾਂ ਲਈ ਬਣਾਏ ਚੋਣ ਜਾਬਤੇ ਵਿੱਚ ਹੋਰ ਮੱਦਾਂ ਵਧਾਈਆਂ ਅਤੇ ਲਾਗੂ ਕੀਤੀਆਂ। ਟੀ ਐਨ ਸੈਸ਼ਨ ਦੇ ਕਾਰਜਕਾਲ ਸਮੇਂ ਇਸ ਚੋਣ ਜਾਬਤੇ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਗਿਆ ਅਤੇ ਸਖ਼ਤ ਬਣਾਇਆ ਗਿਆ ਅਤੇ ਸਾਫ਼-ਸਾਫ਼ ਕਿਹਾ ਗਿਆ ਕਿ ਉਮੀਦਵਾਰ ਦੀ ਨਿੱਜੀ ਜ਼ਿੰਦਗੀ ਉਤੇ ਕੋਈ ਹਮਲਾ ਨਾ ਕੀਤਾ ਜਾਵੇ। ਫਿਰਕੂ ਅਧਾਰ ਉਤੇ ਭਾਵਨਾਵਾਂ ਭੜਕਾਕੇ ਵੋਟ ਨਾ ਮੰਗੇ ਜਾਣ। ਹਾਕਮ ਧਿਰ ਦੇ ਸਰਕਾਰੀ ਪ੍ਰੋਗਰਾਮ, ਨਵੀਆਂ ਨੀਤੀਆਂ ਅਤੇ ਫੈਸਲਿਆਂ ਦੇ ਐਲਾਨ ਉਤੇ ਰੋਕ ਲਗਾਈ ਗਈ। ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੇ ਦੌਰੇ ਸਮੇਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਲਈ ਦਿਸ਼ਾ, ਨਿਰਦੇਸ਼ ਦਿੱਤੇ ਗਏ। ਪਰ 17ਵੀਆਂ ਲੋਕ ਸਭਾ ਚੋਣਾਂ 'ਚ ਸਿਆਸੀ ਪਾਰਟੀਆਂ ਵਲੋਂ ਆਪੂ-ਅਪਨਾਏ ਗਏ ਆਦਰਸ਼ ਚੋਣ ਜਾਬਤੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਧਨ, ਬਲ ਦੀ ਵਰਤੋਂ ਤਾਂ ਹੋ ਹੀ ਰਹੀ ਹੈ, ਕੂੜ ਚੋਣ ਪ੍ਰਚਾਰ ਵੀ ਸਿਰੇ ਤੇ ਹੈ। ਹਾਕਮ ਧਿਰ ਵਲੋਂ ਵੀ ਸੰਜਮ ਨਹੀਂ ਵਰਤਿਆਂ ਜਾ ਰਿਹਾ, ਸਗੋਂ ਸਰਕਾਰੀ ਨੀਤੀਆਂ ਦੇ ਪ੍ਰਚਾਰ ਪ੍ਰਤੀ ਵੀ ਖੁੱਲ੍ਹ-ਖੇਲ ਵਰਤੀ ਜਾ ਰਹੀ ਹੈ, ਅਤੇ ਘੱਟ ਵਿਰੋਧੀ ਧਿਰ ਵੀ ਨਹੀਂ ਕਰ ਰਹੀ। ਇਸਦਾ ਮੂਲ ਕਾਰਨ ਇਹ ਹੈ ਕਿ ਆਦਰਸ਼ ਚੋਣ ਜਾਬਤਾ ਸਿਆਸੀ ਪਾਰਟੀਆਂ ਨੇ ਆਪ ਬਣਾਇਆ ਹੈ, ਆਪੇ ਹੀ ਇਸ ਨੂੰ ਤੋੜ ਰਹੀਆਂ ਹਨ ਕਿਉਂਕਿ ਜੇਕਰ ਕਿਸੇ ਦਲ ਜਾਂ ਉਮੀਦਵਾਰ ਵਲੋਂ ਚੋਣ ਜਾਬਤਾ ਤੋੜਨ ਦੀ ਹਾਲਤ ਵਿੱਚ ਕੋਈ ਕਨੂੰਨੀ ਕਾਰਵਾਈ ਨਹੀਂ ਹੋ ਸਕਦੀ। ਇਸ ਕਰਕੇ ਪਾਰਟੀਆਂ ਅਤੇ ਉਮੀਦਵਾਰ ਧੜੱਲੇ ਨਾਲ ਚੋਣ ਜਾਬਤਾ ਤੋੜਨ ਦੇ ਰਾਹ ਪੈ ਗਏ ਹਨ। ਭਾਵੇਂ ਕਿ ਸਮੇਂ ਸਮੇਂ 'ਤੇ ਸੁਪਰੀਮ ਕੋਰਟ ਨੇ ਆਦਰਸ਼ ਚੋਣ ਜਾਬਤੇ ਨੂੰ ਮਾਨਤਾ ਦਿੱਤੀ ਹੈ, ਪਰ ਦੇਸ਼ ਵਿੱਚ ਆਦਰਸ਼ ਚੋਣ ਜਾਬਤੇ ਨੂੰ ਲਾਗੂ ਕਰਨ ਸਬੰਧੀ ਕੋਈ ਵੀ ਕਾਨੰਨੂ ਨਹੀਂ ਹੈ ਅਤੇ ਨਾ ਹੀ ਸਜ਼ਾ ਦਾ ਕੋਈ ਪ੍ਰਾਵਾਧਾਨ ਹੈ।

ਸਾਡੇ ਜੀਵਨ ਨਾਲ ਜੁੜੇ ਮਹੱਤਵਪੂਣਨ ਮੁੱਦੇ ਅਤੇ ਪੀੜਤ ਜਨਤਾ ਦੇ ਕਲਿਆਣ, ਬੇਰੁਜ਼ਗਾਰੀ ਸਮਾਜ ਦੇ ਕਮਜ਼ੋਰ ਵਰਗ, ਸੰਕਟਗ੍ਰਸਤ ਖੇਤੀ ਖੇਤਰ ਵੱਲ ਧਿਆਨ ਕਰਨ ਦੀ ਵਿਜਾਏ ਸਾਡੇ ਨੇਤਾ ਅਤੇ ਸਿਆਸੀ ਪਾਰਟੀਆਂ ਚੋਣਾਂ 'ਚ ਬੇਅੰਤ ਮਾਇਆ ਲੁਟਾ ਰਹੀਆਂ ਹਨ ਅਤੇ ਮੀਡੀਆ ਦਾ ਧਿਆਨ ਗੈਰ-ਮੁੱਦਿਆਂ ਵੱਲ ਖਿੱਚ ਰਹੀਆਂ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਹਰ ਪਾਰਟੀ ਆਪਣਾ ਚੋਣ ਮਨੋਰਥ ਪੱਤਰ ਲੋਕਾਂ ਲਈ ਜਾਰੀ ਕਰਦੀ ਹੈ, ਪਰ ਇਹਨਾ ਉਤੇ ਚਰਚਾ ਜਾਂ ਬਹਿਸ ਚੋਣ ਪ੍ਰਚਾਰ ਸਮੇਂ ਬਿਲਕੁਲ ਵੀ ਨਹੀਂ ਹੁੰਦੀ। ਕੀ ਇਹ ਚੋਣ ਜਾਬਤੇ ਦੀ ਉਲੰਘਣਾ ਨਹੀਂ ਕਿ ਲੋਕਾਂ ਦਾ ਧਰਮ ਦੇ ਨਾਮ ਉਤੇ ਧਰੁਵੀਕਰਨ ਜਾਵੇ। ਦੇਸ਼ ਦੀ ਫੌਜ ਦੇ ਕਾਰਨਾਮਿਆਂ ਨੂੰ ਸਰਕਾਰ ਦੀ ਵੱਡੀ ਪ੍ਰਾਪਤੀ ਵਜੋਂ ਚੋਣਾਂ ਵਿੱਚ ਪ੍ਰਚਾਰਨਾ ਕੀ ਉਚਿਤ ਹੈ? ਕੀ ਰਾਸ਼ਟਰਵਾਦ ਦੇ ਨਾਮ ਉਤੇ ਵਿਰੋਧੀਆਂ ਨੂੰ ਭੰਡਣਾ ਅਤੇ ਵਿਰੋਧੀ ਵਿਚਾਰਾਂ ਨੂੰ "ਦੇਸ਼ ਵਿਰੋਧੀ" ਗਰਦਾਨਣਾ ਅਤੇ ਇਸ ਸਬੰਧ ਚੋਣ ਪ੍ਰਚਾਰ ਕਰਨਾ ਕੀ ਚੋਣ ਜਾਬਤੇ ਦੀ ਉਲੰਘਣਾ ਨਹੀਂ? ਚੌਕੀਦਾਰ ਚੋਰ ਹੈ, ਅਲੀ-ਬਲੀ ਜਿਹੇ ਸ਼ਬਦ ਕੀ ਚੋਣ ਪ੍ਰਚਾਰ ਲਈ ਸਹੀ ਗਿਣੇ ਜਾ ਸਕਦੇ ਹਨ? ਕੀ ਕਿਸੇ ਵੀ ਪੀੜੀ ਦੇ ਨੇਤਾਵਾਂ ਨੂੰ ਇਹ ਸੋਚਣ ਦੀ ਅਤੇ ਪ੍ਰਚਾਰਨ ਦੀ ਛੋਟ ਦਿੱਤੀ ਜਾ ਸਕਦੀ ਹੈ ਕਿ ਉਹ ਹੀ ਦੇਸ਼ ਜਾਂ ਕੌਮ ਦੇ ਇੱਲਕੇ ਹੀ ਰੱਖਿਅਕ ਹਨ?

ਸਵਾਲ ਇਹ ਹੈ ਕਿ ਚੋਣਾਂ ਵਿੱਚ ਸੰਜਮ ਛੱਡਕੇ ਕੀਤੇ ਜਾ ਰਹੇ ਪ੍ਰਚਾਰ ਦੇ ਵਹਿਣ ਨੂੰ ਕਿਵੇਂ ਰੋਕਿਆ ਜਾਵੇ? ਜਦੋਂ ਸੁਪਰੀਮ ਕੋਰਟ, ਚੋਣ ਕਮਿਸ਼ਨ ਤੋਂ ਆਦਰਸ਼ ਚੋਣ ਜਾਬਤਾ ਟੁੱਟਣ ਸਬੰਧੀ ਆਈਆਂ ਸ਼ਕਾਇਤਾਂ ਉਤੇ ਕੁਝ ਨਾ ਕਰਨ ਲਈ ਜਵਾਬ-ਤਲਬੀ ਕਰਦਾ ਹੈ ਤਾਂ ਚੋਣ ਕਮਿਸ਼ਨ ਆਪਣੀ ਬੇਚਾਰਗੀ ਦਾ ਰੋਣਾ ਰੋਂਦਾ ਹੈ। ਚੋਣ ਆਯੋਗ ਨੂੰ ਸੁਪਰੀਮ ਕੋਰਟ ਜਦੋਂ ਝਾੜ ਪਾਉਂਦੀ ਹੈ, ਤਾਂ ਉਹ ਥੋੜ੍ਹੀ ਬਹੁਤੀ ਕਾਰਵਾਈ ਕਰਦਾ ਨਜ਼ਰ ਆਉਂਦਾ ਹੈ।

ਹੈਰਾਨੀ ਹੁੰਦੀ ਹੈ ਕਿ ਆਖ਼ਰ ਉਹ ਕਿਹੜਾ ਚੋਣ ਕਮਿਸ਼ਨ ਸੀ ਜਿਸਨੇ 1977 'ਚ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਅਤੇ ਇਹ ਚੋਣ ਕਮਿਸ਼ਨ ਸੱਚਮੁੱਚ ਉਹ ਹੀ ਚੋਣ ਕਮਿਸ਼ਨ ਸੀ ਜਿਸਨੇ ਕਾਂਗਰਸ ਦੀ ਨਰਸਿੰਹਾ ਰਾਓ ਪ੍ਰਧਾਨ ਮੰਤਰੀ ਦੀ ਸਰਕਾਰ ਨੂੰ ਦਿਨੇ ਤਾਰੇ ਦਿਖਾ ਦਿੱਤੇ ਸਨ।

ਸਾਡਾ ਲੋਕਤੰਤਰ "ਬਨਾਨਾ ਰਿਪਬਲਿਕ" (ਰਾਜਨੀਤਕ ਤੌਰ ਤੇ ਅਸਥਿਰ ਦੇਸ਼) ਨਹੀਂ ਹੈ ਕਿਉਂਕਿ ਆਮ ਆਦਮੀ ਸਮਝਦਾਰ ਹੈ, ਜਿਹੜਾ ਆਜ਼ਾਦ ਅਤੇ ਗੁਪਤ ਮਤਦਾਨ ਰਾਹੀਂ ਬਦਨਾਮ ਨੇਤਾਵਾਂ ਨੂੰ ਖਾਰਜ ਕਰ ਦਿੰਦਾ ਹੈ ਅਤੇ ਆਪਣੀ ਤਾਕਤ ਬਹਾਲ ਕਰਦਾ ਹੈ, ਜਿਹੜੇ ਵੱਡੇ-ਵੱਡੇ ਰੋਡ ਸ਼ੋਆਂ ਅਤੇ ਫਿਰਕੂ ਕੱਟੜਪੁਣੇ ਤੋਂ ਅਲੱਗ ਸੋਚਦਾ ਹੈ ਅਤੇ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਚੰਗੀ ਲੀਡਰਸ਼ੀਪ ਦੀ ਝਾਕ ਰੱਖਦਾ ਹੈ। ਇਹ ਗੱਲ ਨੇਤਾਵਾਂ ਨੂੰ ਸਮਝਕੇ ਚੋਣ ਜਾਬਤੇ ਵਿੱਚ ਰਹਿ ਕੇ ਚੋਣ ਪ੍ਰਚਾਰ ਕਰਨਾ ਚਾਹੀਦਾ ਹੈ। ਸਿਆਸੀ ਪਾਰਟੀਆਂ ਨੂੰ ਇਹ ਵੀ ਚਾਹੀਦਾ ਹੈ ਕਿ ਚੋਣ ਜਾਬਤੇ ਲਈ ਸਜ਼ਾ ਦੀ ਮਦ ਵਾਲਾ ਕਾਨੂੰਨ ਬਣਾਉਣ ਤਾਂ ਕਿ ਚੋਣਾਂ ਸੁਖਾਵੇਂ ਮਾਹੌਲ ਵਿੱਚ ਹੋ ਸਕਣ। ਜਦੋਂ-ਜਦੋਂ ਚੋਣ ਕਮਿਸ਼ਨ, ਚੋਣਾਂ ਸਮੇਂ ਚੁੱਪ-ਚਾਪ ਤਮਾਸ਼ਾ ਵੇਖਣ ਵਾਲੀ ਢਿੱਲੀ ਪਹੁੰਚ ਨਾਲ ਕੰਮ ਕਰੇਗਾ, ਤਦੋਂ-ਤਦੋਂ ਚੋਣਾਂ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਰਹਿਣਗੇ, ਜਿਹੜੇ ਕਿ ਅੱਜ ਵੀ ਉੱਠ ਰਹੇ ਹਨ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ/ ਸੈਕਰਾਮੈਂਟੋ ਦੀ 19ਵੀਂ ਅੰਤਰ ਰਾਸ਼ਟਰੀ ਕਾਨਫਰੰਸ ਹੋਈ

**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ/ ਸੈਕਰਾਮੈਂਟੋ ਦੀ 19ਵੀਂ ਅੰਤਰ ਰਾਸ਼ਟਰੀ ਕਾਨਫਰੰਸ ਸੈਕਰਾਮੈਂਟੋ ਜੋ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਨੂੰ ਸਮਰਪਿਤ ਹੈ, 28 ਅਪ੍ਰੈਲ 2019 ਨੂੰ ਲਕਸ਼ਮੀ ਨਰਾਇਣ ਮੰਦਰ, 7495 ਐਲਡਰ ਕ੍ਰੀਕ, ਸੈਕਰਾਮੈਂਟੋ ਵਿਖੇ ਆਯੋਜਿਤ ਕੀਤੀ ਗਈ। ਸਭਾ ਦੇ ਸਕੱਤਰ, ਪਰਮਿੰਦਰ ਸਿੰਘ ਰਾਏ ਨੇ ਜਸਵੰਤ ਸਿੰਘ ਸ਼ੀਮਾਰ, ਪ੍ਰਧਾਨ ਸਭਾ ਦੇ ਆਦੇਸ਼ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਦੇ ਪ੍ਰੋਫੈਸਰ ਡਾ. ਸੁਹਿੰਦਰਬੀਰ ਸਿੰਘ, ਪ੍ਰੋਫੈਸਰ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਡਾ. ਅੰਮ੍ਰਿਤਪਾਲ ਕੌਰ, ਡਾਇਰੇਕਟਰ, ਗੁਰਮਤਿ ਗਿਆਨ ਔਨ ਲਾਈਨ ਸਟੱਡੀ ਸੈਂਟਰ, ਪ੍ਰੋਫੈਸਰ ਤੇ ਹੈਡ, ਭਾਈ ਵੀਰ ਸਿੰਘ ਚੇਅਰ ਤੇ ਪ੍ਰੋਫੈਸਰ, ਡਿਪਾਰਟਮੈਂਟ ਆਫ ਪੰਜਾਬੀ ਲਿਟਰੇਰੀ ਸਟੱਡੀਜ਼ ਨੇ ਕਾਨਫਰੰਸ ਦੇ ਮੁੱਖ ਮਹਿਮਾਨ ਦੇ ਤੌਰ 'ਤੇ ਭਾਗ ਲਿਆ। ਉਨ੍ਹਾਂ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ ਗਿਆ ਤੇ ਉਹਨਾਂ ਦੇ ਨਾਲ ਜਸਵੰਤ ਸਿੰਘ ਸ਼ੀਮਾਰ, ਪ੍ਰਧਾਨ ਪਸਸਕ, ਪ੍ਰੋਫੈਸਰ ਸੁਖਵਿੰਦਰ ਕੰਬੋਜ, ਸਾਬਕਾ ਪ੍ਰਧਾਨ ਵਿਪਸਾ ਅਤੇ ਮੁਹਿੰਦਰ ਸਿੰਘ ਘੱਗ, ਫਾਊਂਡਰ ਡਾਇਰੈਕਟਰ ਪਸਸਕ ਨੂੰ ਵੀ ਪ੍ਰਧਾਨਗੀ ਮੰਡਲ ਵਿਚ ਸਜਾਇਆ ਗਿਆ।

ਕਾਨਫਰੰਸਦਾ ਆਰੰਭ ਸਵੇਰੇ 8 ਵਜੇ ਜਾਣ-ਪਛਾਣ ਤੇ ਚਾਹ-ਪਾਣੀ ਪੀਣ ਉਪਰੰਤ ਹੋਇਆ। ਪਹਿਲੇ ਸੈਸ਼ਨ ਸਾਡੇ ਅੱਠ ਵਜੇ ਆਰੰਭ ਹੋਇਆ। ਸਭਾ ਦੇ ਸਕੱਤਰ ਪ੍ਰਮਿੰਦਰ ਰਾਏ ਖਾਨਖਾਨਾ ਨੇ ਦੋ ਬਾਲੜੀਆਂ, ਰਵਨੀਤ ਕੌਰ ਤੇ ਚਰਨਜੋਤ ਕੌਰ ਨੂੰ ਸੱਦਾ ਦੇ ਕੇ 'ਦੇ ਸ਼ਿਵਾ ਵਰ ਮੋਹੇ ਇਹੈ' ਸ਼ਬਦ ਗਾਇਨ ਕਰਨ ਲਈ ਕਿਹਾ। ਇਨ੍ਹਾਂ ਦੇ ਪਿੱਛੇ ਬੀਬੀ ਕਮਲ ਕੌਰ ਦੀਆਂ ਬੱਚੀਆਂ, ਕਵੀਨਦੀਪ ਕੌਰ, ਮਸਕੀਨਦੀਪ ਕੌਰ। ਸੁਰਸੰਗਮਪ੍ਰੀਤ ਕੌਰ ਨੇ ਗੁਰਬਾਣੀ ਦਾ ਇਕ ਹੋਰ ਸ਼ਬਦ ਗਾਇਨ ਕੀਤਾ। ਗ੍ਰੰਥੀ ਸਾਹਿਬ, ਗੁਰੂ ਘਰ, ਰਿਓਲਿੰਡਾ ਦੇ ਸਪੁੱਤਰ-ਸਪੁੱਤਰੀ ਨੇ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ।

ਹਾਲ ਦੇ ਐਂਟਰੀ ਗੇਟ ਦੇ ਲਾਗੇ ਸਵਾਗਤੀ ਤੇ ਰਜਿਸਟ੍ਰੇਸ਼ਨ ਟੇਬਲ ਉਤੇ ਸਭਾ ਦੇ ਲਿਖਾਰੀਆਂ ਦੀਆਂ ਛਪੀਆਂ ਕਾਫੀ ਪੁਸਤਕਾਂ ਪੜ੍ਹਨ ਲਈ ਮੁਫਤ ਲੈ ਜਾਣ ਵਾਸਤੇ ਰੱਖੀਆਂ ਗਈਆਂ। ਗੁਰਜਤਿੰਦਰ ਰੰਧਾਵਾ ਨੇ ਵੀ ਆਪਣੀਆਂ ਹੁਣੇ ਹੁਣੇ ਛਪੀਆਂ ਪੁਸਤਕਾਂ ਨਾਲ ਲਿਆ ਰੱਖੀਆਂ। ਇਸ ਟੇਬਲ ਉਤੇ ਸਵਾਗਤੀ ਟੀਮ ਵਜੋਂ ਫਕੀਰ ਸਿੰਘ ਮੱਲ੍ਹੀ, ਕਮਲ ਬੰਗਾ, ਜਤਿੰਦਰ ਸਿੰਘ ਢਿੱਲੋਂ ਨੇ ਲਗਾਤਾਰ ਸੇਵਾ ਨਿਭਾਈ। ਉਹਨਾਂ ਦਾ ਸਾਥ ਗੁਰਜਤਿੰਦਰ ਰੰਧਾਵਾ, ਚੀਫ ਐਡੀਟਰ, ਪੰਜਾਬ ਮੇਲ ਯੂ. ਐਸ. ਏ. ਅਖ਼ਬਾਰ ਅਤੇ ਸੈਕਟਰੀ ਆਫ ਸਟੇਟ ਦੇ ਸਲਾਹਕਾਰ ਨੇ ਨਿਭਾਇਆ।

ਦੂਜਾ ਸੈਸ਼ਨ 'ਬਾਲ ਸਭਾ' 9 ਵਜੇ ਸ਼ੁਰੂ ਹੋਇਆ। ਇਸ ਵਿਚ ਬੱਚੀਆਂ ਰਵਨੀਤ ਕੌਰ ਤੇ ਚਰਨਜੋਤ ਕੌਰ ਨੇ ਇਕ ਰੋਚਕ ਕਵਿਤਾ ਪੇਸ਼ ਕੀਤੀ। ਹੋਰ ਬੱਚੀਆਂ ਕਵੀਨਦੀਪ ਕੌਰ, ਸੁਰਸੰਗਮਪ੍ਰੀਤ ਕੌਰ, ਮਸਕੀਨਦੀਪ ਕੌਰ, ਅਨਮੋਲਪ੍ਰੀਤ ਕੌਰ, ਸੁਖਮਨ ਕੌਰ ਨੇ ਗੀਤ ਤੇ ਕਵਿਤਾਵਾਂ ਸਰਵਣ ਕਰਾਈਆਂ। ਉਹਨਾਂ ਨੂੰ ਸਭਾ ਵੱਲੋਂ ਸਰਟੀਫਿਕੇਟ ਅਤੇ ਤੋਹਫੇ ਦੇ ਕੇ ਉਤਸ਼ਾਹ ਵਧਾਇਆ ਗਿਆ।

ਤੀਜਾ ਸੈਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਸਭਾ ਦੇ ਪ੍ਰਧਾਨ, ਜੱਸੀ ਸ਼ੀਮਾਰ ਨੇ ਹਾਜ਼ਰੀਨ ਨੂੰ ਦੱਸਿਆ ਕਿ ਪਸਸਕ ਦਾ ਇਕ ਸਰਕਰਦਾ ਮੈਂਬਰ, ਗੁਰਬਚਨ ਸਿੰਘ ਭਾਟੀਆ ਸਾਨੂੰ ਸਭ ਨੂੰ ਸਦਾ ਲਈ ਵਿਛੋੜਾ ਦੇ ਗਿਆ ਹੈ। ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਦੇ ਤੌਰ ਤੇ ਇਕ ਮਿੰਟ ਦਾ ਮੌਨ ਧਾਰਨ ਲਈ ਖੜ੍ਹੇ ਹੋਣ ਦੀ ਬੇਨਤੀ ਕੀਤੀ ਅਤੇ ਸਾਰਿਆਂ ਨੇ ਖੜ੍ਹੇ ਹੋ ਕੇ ਇਕ ਮਿੰਟ ਲਈ ਮੌਨ ਧਾਰਿਆ।



ਹੋਰ ਤਸਵੀਰਾਂ ਦੇਖੋ ਸਫਾ 12 'ਤੇ

ਤੀਜਾ ਸੈਸ਼ਨ, 'ਕਹਾਣੀ ਦਰਬਾਰ' ਸਾਢੇ 9 ਵਜੇ ਆਰੰਭ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਅੰਮ੍ਰਿਤਪਾਲ ਕੌਰ, ਡਾ. ਸੁਹਿੰਦਰ ਬੀਰ, ਪ੍ਰਧਾਨ ਜਸਵੰਤ ਸਿੰਘ ਸ਼ੀਮਾਰ, ਪ੍ਰੋ. ਸੁਖਵਿੰਦਰ ਕੰਬੋਜ ਤੇ ਵਾਈਸ ਡਾਇਰੈਕਟਰ ਮੁਹਿੰਮ ਸਿੰਘ ਘੱਗ ਨੂੰ ਸੁਸ਼ਭਿਤ ਕੀਤਾ ਗਿਆ। ਸਕੱਤਰ ਜਨਰਲ ਪਰਮਿੰਦਰ ਸਿੰਘ ਰਾਏ ਨੇ ਕਹਾਣੀਕਾਰ ਮੁਹਿੰਦਰ ਸਿੰਘ ਘੱਗ, ਹਰਜਿੰਦਰ ਸਿੰਘ ਪੰਧੇਰ ਤੇ ਪ੍ਰਿੰਸੀਪਲ ਹਰਨੇਕ ਸਿੰਘ ਆਦਿ ਨੂੰ ਵਾਰੀ ਵਾਰੀ ਆਪਣੀਆਂ ਲਿਖੀਆਂ ਕਹਾਣੀਆਂ ਪੜ੍ਹਨ ਲਈ ਸੱਦਾ ਦਿੱਤਾ। ਅਖੀਰ ਵਿਚ ਪ੍ਰੋ. ਸੁਖਵਿੰਦਰ ਕੰਬੋਜ ਨੇ ਇਨ੍ਹਾਂ ਕਹਾਣੀਆਂ ਉਪਰ ਸੰਖੇਪ ਟਿੱਪਣੀ ਕੀਤੀ।

ਚੌਥਾ ਸੈਸ਼ਨ ਪਰਚਿਆਂ ਦਾ ਆਰੰਭ ਕਰਨ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਵਿਚ ਡਾ. ਸੁਹਿੰਦਰ ਬੀਰ, ਡਾ. ਅੰਮ੍ਰਿਤਪਾਲ ਕੌਰ, ਪ੍ਰੋ. ਸੁਰਿੰਦਰ ਸੀਰਤ, ਸ. ਰਾਠੇਸ਼ਵਰ ਸਿੰਘ ਰਾਠੀ, ਚਰਨਜੀਤ ਸਿੰਘ ਪੰਨੂ, ਹਰਬੰਸ ਸਿੰਘ ਜਗਿਆਸੂ ਤੇ ਜਸਵੰਤ ਸਿੰਘ ਸ਼ੀਮਾਰ ਨੂੰ ਸੁਸ਼ੋਭਿਤ ਕਰਨ ਉਪਰੰਤ ਸੈਸ਼ਨ ਦਾ ਆਰੰਭ ਹਰਬੰਸ ਸਿੰਘ ਜਗਿਆਸੂ ਦੇ ਪਰਚੇ 'ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ' ਨਾਲ ਕੀਤਾ ਗਿਆ। ਇਸ ਵਿਚ ਸਭਾ ਵੱਲੋਂ ਕੀਤੀਆਂ ਪ੍ਰਾਪਤੀਆਂ, ਕੀਤੀਆਂ ਇਕੱਤਰਤਾਵਾਂ, ਸੈਮੀਨਾਰ ਤੇ ਕਾਨਫਰੰਸਾਂ ਦਾ ਵਰਣਨ, ਸਨਮਾਨੇ ਗਏ ਸਾਹਿਤਕਾਰਾਂ ਬਾਰੇ ਜਾਣਕਾਰੀ, ਇਸ ਦੇ ਮੈਂਬਰਾਂ ਦੁਆਰਾ ਰਚੀਆਂ ਗਈਆਂ ਪੁਸਤਕਾਂ ਤੇ ਮਾਂ-ਬੋਲੀ, ਪੰਜਾਬੀ ਲਈ ਕੀਤੀਆਂ ਸੇਵਾਵਾਂ ਬਾਰੇ ਲੋੜੀਂਦੀ ਚੰਗੀ ਜਾਣਕਾਰੀ ਹੈ। ਦੂਜਾ ਪਰਚਾ ਡਾ. ਸੁਹਿੰਦਰ ਬੀਰ ਜੀ ਦਾ 'ਜਪੁ ਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ' ਉਹਨਾਂ ਦੁਆਰਾ ਪੜ੍ਹਿਆ ਗਿਆ, ਜਿਸ ਵਿਚ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ, 'ਜਪੁ ਜੀ ਸਾਹਿਬ' ਦੇ ਦਾਰਸ਼ਨਿਕ ਪਸਾਰਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਪੂੰਜੀਵਾਦੀ ਅਤੇ ਪਦਾਰਥਵਾਦੀ ਯੁੱਗ ਵਿਚ ਬੁਲੰਦ ਵਿਚਾਰਾਂ ਵਾਲੇ ਮਨੁੱਖਾਂ ਦੀ ਤਲਾਸ਼ ਹੈ ਜੋ ਗੁਰੂ ਸਾਹਿਬ ਦੇ ਦਰਸਾਏ ਮਾਰਗ ਨੂੰ ਅਪਣਾ ਕੇ ਮਾਨਵੀ ਸਰੋਕਾਰਾਂ ਨੂੰ ਕਾਇਮ ਕਰਨ ਦੇ ਯੋਗ ਹੋ ਸਕਣਾ। ਉਹਨਾਂ ਅੱਜ ਦੇ ਮਨੁੱਖ ਨੂੰ ਸਚਿਆਰੇ ਹੋਣ ਲਈ ਜ਼ਮੀਰ ਦੀ ਆਵਾਜ਼ ਸੁਣਨ ਤੇ ਬੋਲਣ 'ਤੇ ਜ਼ੋਰ ਦਿੱਤਾ। ਇਸ ਨਾਲ ਹੀ ਲੁਕਾਈ ਦਾ ਕਲਿਆਣ ਅਤੇ ਸਦ-ਾਚਾਰਕ ਕਦਰਾਂ-ਕੀਮਤਾਂ ਨੂੰ ਕਾਇਮ ਕੀਤਾ ਜਾ ਸਕਦਾ ਹੈ। ਤੀਸਰਾ ਪਰਚਾ ਡਾ. ਅੰਮ੍ਰਿਤਪਾਲ ਕੌਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਆਪਣੇ ਵਿਦਵਤਾ ਭਰਪੂਰ ਵਿਚਾਰਾਂ ਨੂੰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਆਪਣੇ ਸਮੇਂ ਵਿਚ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੀ ਸੀ। ਅਜੋਕੇ ਸਮੇਂ ਵਿਚ ਇਸ ਨੂੰ ਅਪਣਾਉਣ ਦੀ ਪ੍ਰਬੱਲ ਜ਼ਰੂਰਤ ਮਹਿਸੂਸ ਹੋ ਰਹੀ ਹੈ। ਪੂੰਜੀਵਾਦੀ ਯੁੱਗ ਵਿਚ ਗੁਰੂ ਸਾਹਿਬ ਦੀ ਫਿਲਾਸਫੀ ਦਿਨ ਪ੍ਰਤੀ ਦਿਨ ਵਧੇਰੇ ਸਾਰਥਕ ਹੋ ਰਹੀ ਹੈ। ਇਹ ਮਨੁੱਖ ਨੂੰ ਸਹਿਜ ਵਿਚ ਰਹਿਣ ਅਤੇ ਆਦਰਸ਼ਕ ਜੀਵਨ ਜੀਣ ਦਾ ਸੰਕਲਪ ਪੇਸ਼ ਕਰਦੀ ਹੈ।

ਇਸੇ ਸੈਸ਼ਨ ਵਿਚ ਜਸਵੰਤ ਸਿੰਘ ਸ਼ੀਮਾਰ ਦਾ ਕਾਵਿ ਸੰਗ੍ਰਹਿ, ਚੌਮੁਖੀਆ ਦੀਪ, ਚਰਨਜੀਤ ਪੰਨੂ ਦਾ ਪਾਕਿਸਤਾਨ ਸਫਰਨਾਮਾ 'ਮਿੱਟੀ ਦੀ ਮਹਿਕ' ਲੋਕ ਅਰਪਿਤ ਕੀਤੀਆਂ ਗਈਆਂ। ਸਭਾ ਵੱਲੋਂ ਪ੍ਰਕਾਸ਼ਿਤ ਕੀਤਾ ਸੋਵੀਨਰ 2019 ਵੀ ਰਿਲੀਜ਼ ਕੀਤਾ ਗਿਆ। ਯਾਦ ਰਹੇ ਕਿ ਇਸ ਨੂੰ ਤਿਆਰ ਕਰਨ ਵਿਚ ਹਰਬੰਸ ਸਿੰਘ ਜਗਿਆਸੂ, ਮਨਜੀਤ ਸਿੰਘ ਸੇਖੋਂ, ਜੌਹਨ ਸਿੰਘ ਗਿੱਲ, ਗੁਰਜਤਿੰਦਰ ਰੰਧਾਵਾ, ਪ੍ਰੋਫੈਸਰ ਸੁਹਿੰਦਰਬੀਰ ਦਾ ਬਹੁਤ ਯੋਗਦਾਨ ਹੈ।

ਪੰਜਵਾਂ ਸੈਸ਼ਨ: ਦੁਪਹਿਰ ਦੇ ਖਾਣੇ ਤੋਂ ਬਾਅਦ ਕਵੀ ਦਰਬਾਰ ਦਾ ਸੰਚਾਲਨ ਮਨਜੀਤ ਕੌਰ ਸੇਖੋਂ ਨੇ ਕੀਤਾ। ਉਹਨਾਂ ਨੇ ਕਮਾਲ ਦੀ ਪੇਸ਼ਕਾਰੀ ਕੀਤੀ। ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਡਾ. ਸੁਹਿੰਦਰਬੀਰ, ਕੁਲਵਨਿੰਦਰ, ਜਸਵੰਤ ਜੱਸੀ ਸ਼ੀਮਾਰ ਤੇ ਲਾਜ਼ ਨੀਲਮ ਸੈਣੀ ਨੂੰ ਸੱਦਾ ਦਿੱਤਾ ਗਿਆ। ਜਿਨ੍ਹਾਂ ਕਵੀਆਂ ਨੇ ਆਪਣੀਆਂ ਪਿਆਰੀਆਂ ਰਚਨਾਵਾਂ ਪੇਸ਼ ਕੀਤੀਆਂ। ਉਹਨਾਂ ਦੇ ਨਾਂ ਇਸ ਪ੍ਰਕਾਰ ਹਨ- ਬੀਬੀ ਸੁਰਜੀਤ ਕੌਰ, ਸ. ਮੁਹਿੰਦਰ ਸਿੰਘ ਘੱਗ, ਸ. ਹਰਬੰਸ ਸਿੰਘ ਜਗਿਆਸੂ, ਰਠੇਸ਼ਵਰ ਸਿੰਘ ਸੂਰਾਪੁਰੀ, ਡਾ. ਸੁਹਿੰਦਰ ਬੀਰ, ਡਾ. ਅੰਮ੍ਰਿਤਪਾਲ ਕੌਰ, ਜਸਵੰਤ ਜੱਸੀ ਸ਼ੀਮਾਰ, ਚਰਨਜੀਤ ਸਿੰਘ ਪੰਨੂ, ਸੁਰਿੰਦਰ ਸਿੰਘ ਸੀਰਤ, ਲਾਜ਼ ਨੀਲਮ ਸੈਣੀ, ਦਲਵੀਰ ਦਿਲ ਨਿੱਜਰ, ਪਰਮਿੰਦਰ ਰਾਏ ਖਾਨ ਖਾਨਾ, ਸੁਖਵਿੰਦਰ ਕੰਬੋਜ, ਹਰਭਜਨ ਢਿੱਲੋਂ, ਜੀਵਨ ਰੱਤੂ, ਖੁਸ਼ੀ ਰੱਤੂ, ਗੁਰਿੰਦਰ ਸੂਰਾਪੁਰੀ, ਪ੍ਰਿੰਸੀਪਲ ਹਜ਼ੂਰਾ ਸਿੰਘ, ਪ੍ਰਿੰਸੀਪਲ ਹਰਨੇਕ ਸਿੰਘ, ਗਗਨਦੀਪ ਸਿੰਘ, ਗੁਲਸ਼ ਦਿਆਲ, ਲਖਵਿੰਦਰ ਸਿੰਘ, ਕਰਾਈਸਟਪਾਲ ਸਿੰਘ, ਕੁਲਵਿੰਦਰ, ਬਿਕਰ ਕੰਮਿਆਣਾ, ਕਮਲ ਬੰਗਾ, ਫਕੀਰ ਸਿੰਘ ਮੱਲ੍ਹੀ, ਜੋਤੀ ਸਿੰਘ, ਸੁਖਦੇਵ ਢਿੱਲੋਂ, ਰਜਿੰਦਰ ਸਹੋਤਾ, ਜਤਿੰਦਰ ਸਿੰਘ ਢਿੱਲੋਂ, ਡਾ. ਅਮਰੀਕ ਸਿੰਘ, ਇੰਦਰਜੀਤ ਸਿੰਘ ਗਰੇਵਾਲ, ਤਤਿੰਦਰ ਕੌਰ, ਡਾ. ਸੁਖਪਾਲ ਸੰਘੇੜਾ, ਅਸ਼ੋਕ ਭੌਰਾ, ਤਰਦੀਪ ਸਿੰਘ, ਰਾਜ ਕੁਮਾਰ ਸੂਦ, ਰਾਜ ਕੁਮਾਰ ਝਪੜ, ਮਲਿਕ ਇਮਤਿਆਜ਼, ਅਜੈਬ ਚੀਮਾ, ਹਰਭਜਨ ਸਿੰਘ ਢੇਰੀ, ਰਮੇਸ਼ ਬੰਗੜ, ਮੱਖਣ ਲੁਹਾਰ ਆਦਿ। ਇਸ ਕਾਨਫਰੰਸ ਨੂੰ ਨੇਪਰੇ ਚਾੜ੍ਹਨ ਲਈ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ, ਮਨਜੀਤ ਕੌਰ ਸੇਖੋਂ, ਹਰਭਜਨ ਸਿੰਘ ਢੇਰੀ, ਪਰਮਿੰਦਰ ਸਿੰਘ ਰਾਏ ਨੇ ਬਹੁਤ ਸਾਥ ਦਿੱਤਾ। ਬੋਰਡ ਆਫ ਡਾਇਰੈਕਟਰਜ਼ ਦੇ ਪਰਮਾਨੈਂਟ ਡਾਇਰੈਕਟਰ, ਹਰਬੰਸ ਸਿੰਘ ਜਗਿਆਸੂ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਭਾ ਦੀ ਕਾਨਫਰੰਸ ਦੇ ਪੂਰੇ ਸਮਾਗਮ ਦੀਆਂ ਫੋਟੋਆਂ ਖਿੱਚਣ ਦੀ ਸੇਵਾ ਜਸਵੰਤ ਸ਼ੀਮਾਰ ਦੇ ਸਪੁੱਤਰ ਗੀਤਜ਼ ਸ਼ੀਮਾਰ, ਗੁਰਿੰਦਰ ਸੂਰਾਪੁਰੀ ਤੇ ਅਜੇ ਪਡਵੱਗਾ ਜੀ ਨੇ ਆਪਣੇ ਤੌਰ 'ਤੇ ਨਿਭਾਈ, ਜਿਸ ਲਈ ਉਹਨਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਤੇ ਧੰਨਵਾਦ ਕੀਤਾ ਜਾਂਦਾ ਹੈ।

-ਜਸਵੰਤ ਸਿੰਘ ਸ਼ੀਮਾਰ
916-293-6030

# ਬਾਬੂ ਮੰਗੂ ਰਾਮ ਮੁੱਗੋਵਾਲੀਆ ਤੋਂ ਪਹਿਲਾਂ ਅਛੂਤਾਂ ਦੀ ਰਾਜਨੀਤੀ

ਪ੍ਰੋ. ਦਰਸ਼ਨ ਸਿੰਘ ਬਖਸ਼ੀ

ਦਲਿਤ ਜਮਾਤਾਂ ਲਈ ਕਿਸੇ ਉਮੰਗਪੂਰਨ ਸਮਾਜਿਕ ਤਬਦੀਲੀਆਂ ਦੇ ਮੌਕੇ ਇਤਿਹਾਸ ਵਿਚ ਬਹੁਤ ਦੁਰਲੱਭ ਰਹੇ ਹਨ। ਪੰਜਾਬ ਦੇ ਅਜੋਕੇ ਸਮਾਜਿਕ ਇਤਿਹਾਸ ਵਿਚ ਇਹੋ ਜਿਹਾ ਦੁਰਲੱਭ ਮੌਕਾ ਇਸ ਸਦੀ ਦੇ ਵੀਹਵਿਆਂ ਵਿਚ ਆਇਆ ਜਦੋਂ ਕਈ ਵਾਰ ਧਾਰਮਿਕ ਅੰਦੋਲਨਾਂ ਸਹਿਤ ਆਦਿ-ਧਰਮ ਅੰਦੋਲਨ ਨੇ ਵੀ ਮੋਢੇ ਨਾਲ ਮੋਢਾ ਡਾਹ ਕੇ ਅੱਗੇ ਵਧਣਾ ਸ਼ੁਰੂ ਕੀਤਾ। ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ ਤੋਂ ਬਾਅਦ ਭਾਰਤ 'ਚ ਬਰਤਾਨਵੀ ਨੀਤੀਆਂ ਵਿਚ ਕੁਝ ਤਬਦੀਲੀਆਂ ਵੇਖਣ ਨੂੰ ਮਿਲੀਆਂ। ਇੰਝ ਮਹਿਸੂਸ ਹੋਇਆ ਕਿ ਅਛੂਤਾਂ ਦੀ ਬਿਹਤਰੀ ਲਈ ਕੁਝ ਨਵੇਂ ਮੌਕੇ ਸੰਭਵ ਹੋ ਸਕਣਗੇ। ਇਹੋ ਸਮਾਂ ਸੀ ਜਦੋਂ ਉਨ੍ਹਾਂ ਨੂੰ ਆਪਣੀ ਵਡੇਰੀ ਗਿਣਤੀ ਦੀ ਰਾਜਨੀਤਿਕ ਅਹਿਮੀਅਤ ਦਾ ਪਹਿਲੀ ਵਾਰੀ ਅਹਿਸਾਸ ਹੋਇਆ। ਇਸ ਰਾਜਨੀਤਿਕ ਚੇਤਨਾ ਦਾ ਸਿਹਰਾ ਪੰਜਾਬ ਵਿਚਲੀਆਂ ਨੀਵੀਆਂ ਜਾਤੀਆਂ ਦੇ ਨੇਤਾਵਾਂ ਦੇ ਨਾਲ-ਨਾਲ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਸਰਗਰਮ ਅਛੂਤ ਜਥੇਬੰਦੀਆਂ ਦੇ ਨਾਲ- ਨਾਲ ਪੰਜਾਬ ਦੀ ਫਿਰਕਾਪ੍ਰਸਤ ਰਾਜਨੀਤੀ ਨੂੰ ਵੀ ਜਾਂਦਾ ਹੈ। ਮੁਲਕੋਂ ਬਾਹਰਲੇ ਭਾਰਤੀਆਂ ਦੀਆਂ ਜਥੇਬੰਦੀਆਂ ਤੋਂ ਵੀ ਆਦਿ-ਧਰਮੀਆਂ ਨੂੰ ਜਥੇਬੰਦ ਹੋਣ ਲਈ ਪ੍ਰੇਰਨਾ ਮਿਲੀ।

ਅਛੂਤ ਜਥੇਬੰਦੀਆਂ ਨੂੰ 1917 ਵਿਚ ਉਸ ਸਮੇਂ ਕੁਝ ਸਫਲਤਾ ਮਿਲੀ ਜਦੋਂ ਕਾਂਗਰਸ ਨੇ ਕਲਕੱਤਾ ਵਿਚ ਹੋਏ ਇਜਲਾਸ ਵਿਚ ਛੂਆ-ਛਾਤ ਹਟਾਉਣ ਦੀ ਮੰਗ ਨੂੰ ਸ਼ਾਮਲ ਕਰ ਲਿਆ ਪਰ ਜਲਦੀ ਬਾਅਦ ਹੀ ਰਾਜਨੀਤਿਕ ਹਾਲਤ ਬਦਲ ਗਈ। 1919 ਈ: ਦੇ ਗੌਰਮਿੰਟ ਆਫ ਇੰਡੀਆ ਐਕਟ ਰਾਹੀਂ ਭਾਰਤੀ ਪਾਰਲੀਮੈਂਟ ਵਿਚ ਸੰਪਰਦਾਇਕ ਆਧਾਰ 'ਤੇ ਨੁਮਾਇੰਦਗੀ ਦੇਣ ਦਾ ਫੈਸਲਾ ਕੀਤਾ ਗਿਆ। ਇਸ ਨਾਲ ਅਛੂਤਾਂ ਨੂੰ ਆਪਣੇ ਆਪ ਨੂੰ ਰਾਜਨੀਤਿਕ ਤੌਰ 'ਤੇ ਜਥੇਬੰਦ ਕਰਨ ਅਤੇ ਆਪਣੀ ਸਦੀਆਂ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਦਾ ਮੌਕਾ ਮਿਲਿਆ।

1925-26 ਦੇ ਆਸ ਪਾਸ ਉਤਰ ਪ੍ਰਦੇਸ਼, ਦਿੱਲੀ ਅਤੇ ਪੰਜਾਬ ਦੇ ਅਛੂਤਾਂ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਗਿਆ। ਅਛੂਤਾਂ ਵਿਚ ਏਕਤਾ ਦਾ ਇਹ ਯਤਨ ਨਕਾਰਾ ਰਿਹਾ ਕਿਉਂਕਿ ਆਦਿ-ਹਿੰਦੂ ਦੇ ਸੁਆਮੀ ਅਛੂਤਾ ਨੰਦ ਇਸ ਨੂੰ ਅਖਿਲ ਭਾਰਤੀ ਆਧਾਰ 'ਤੇ ਸੰਗਠਿਤ ਕਰਨਾ ਚਾਹੁੰਦੇ ਸਨ ਪਰ ਬਾਬੂ ਮੁੱਗੋਵਾਲੀਆ ਪਹਿਲਾਂ ਖੇਤਰੀ ਆਧਾਰ 'ਤੇ ਵੱਖ ਵੱਖ ਨਾਵਾਂ ਹੇਠਾਂ ਸੰਗਠਿਤ ਕਰਨਾ ਲੋੜਦੇ ਸਨ। ਬਾਬੂ ਮੁੱਗੋਵਾਲੀਆ ਨੂੰ 'ਹਿੰਦੂ' ਲਫ਼ਜ਼ ਦੀ ਵਰਤੋਂ 'ਤੇ ਵੀ ਇਤਰਾਜ਼ ਸੀ।

ਅਛੂਤਾਂ ਦੀ ਬਹੁ-ਗਿਣਤੀ ਦਾ ਰਾਜਨੀਤਿਕ ਫਾਇਦਾ ਲੈਣ ਲਈ ਇਸਾਈ ਅਤੇ ਇਸਲਾਮਿਕ ਜਥੇਬੰਦੀਆਂ ਨੇ ਉਹਨਾਂ ਨੂੰ ਆਪਣੇ ਆਪਣੇ ਦਾਇਰੇ ਵਿਚ ਲਿਆਉਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਆਰੀਆ ਸਮਾਜੀਆਂ, ਜੋ ਕਿ ਬ੍ਰਾਹਮਣਵਾਦ ਦੇ ਸਿੱਕੇ ਦਾ ਦੂਜਾ ਪਾਸਾ ਹਨ, ਨੇ ਇਸ ਨੂੰ ਇਕ ਖਤਰਨਾਕ ਅਲਾਮਤ ਸਮਝਦਿਆਂ ਅਛੂਤਾਂ ਨੂੰ ਆਰੀਆ ਸਮਾਜ ਵਿਚ ਲਿਆਉਣ ਲਈ ਸ਼ੁੱਧੀ ਅੰਦੋਲਨ ਆਰੰਭਿਆ। ਆਰੀਆ ਸਮਾਜੀਆਂ ਨੇ ਆਪਣਾ ਪ੍ਰਭਾਵ ਵਧਾਉਣ ਲਈ ਡੀ. ਏ. ਵੀ. ਸਕੂਲ ਅਤੇ ਕਾਲਜ ਸਥਾਪਤ ਕੀਤੇ, ਜਿਹਨਾਂ ਵਿਚ ਅਛੂਤਾਂ ਨੂੰ ਦਾਖਲਾ ਦਿੱਤਾ ਗਿਆ। ਮੁਸਲਮਾਨ ਤੇ ਇਸਾਈ ਵੀ ਇਸ ਪੱਖੋਂ ਪਿੱਛੇ ਨਹੀਂ ਸਨ। ਉਨ੍ਹਾਂ ਨੇ ਆਰੀਆ ਸਮਾਜੀਆਂ ਦਾ ਪੂਰਾ-ਪੂਰਾ ਮੁਕਾਬਲਾ ਕੀਤਾ ਤੇ ਅਛੂਤਾਂ ਨੂੰ ਹੋਰ ਕਈ ਰਿਆਇਤਾਂ ਦਿੱਤੀਆਂ। ਇਸ ਸਮੇਂ ਸਿੱਖਾਂ ਨੇ ਵੀ ਆਰੀਆ ਸਮਾਜ ਵੱਲੋਂ ਚਲਾਏ 'ਸ਼ੁੱਧੀ ਅੰਦੋਲਨ' ਦਾ ਵਿਰੋਧ ਕੀਤਾ ਕਿਉਂਕਿ ਅਛੂਤ ਸਿੱਖਾਂ ਵਿਚੋਂ ਵੀ ਕਈਆਂ ਨੇ ਆਰੀਆ ਸਮਾਜੀ ਬਣਨਾ ਪ੍ਰਵਾਨ ਕੀਤਾ। ਸਿੱਖਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖ ਹਿੰਦੂ ਨਹੀਂ। ਗਿਆਨੀ ਦਿੱਤ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਲਿਖਤ ਪੁਸਤਕਾਂ 'ਹਮ ਹਿੰਦੂ ਨਹੀਂ' ਨੇ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਜਾਗਰਿਤ ਕੀਤਾ। ਖਾਲਸਾ ਦੀਵਾਨ ਨੇ ਆਪਣਾ ਵੱਖਰਾ 'ਦਲਿਤ ਸ਼੍ਰੇਣੀ ਅੰਦੋਲਨ' ਆਰੰਭ ਦਿੱਤਾ ਤਾਂ ਕਿ ਅਛੂਤਾਂ ਦੀ ਹਮਾਇਤ ਖੁੱਲ੍ਹੇ ਤੌਰ 'ਤੇ ਹਾਸਲ ਕੀਤੀ ਜਾ ਸਕੇ। ਕਾਂਗਰਸ ਵੱਲੋਂ 1917 ਦੇ ਕਲਕੱਤਾ ਇਜਲਾਸ ਵਿਚ ਛੂਤਛਾਤ ਵਿਰੋਧੀ ਮੰਗ ਨੂੰ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰ ਲੈਣ ਦਾ ਮਕਸਦ ਵੀ ਅਛੂਤਾਂ ਦੀ ਬਹੁਗਿਣਤੀ ਦਾ ਰਾਜਨੀਤਿਕ ਲਾਭ ਉਠਾਉਣਾ ਹੀ ਸੀ। ਅੱਜ ਵੀ ਰਾਜਨੀਤਿਕ ਪਾਰਟੀਆਂ ਅਛੂਤਾਂ ਦੀ ਬਹੁਗਿਣਤੀ ਦਾ ਲਾਭ ਉਠਾਉਣ 'ਚ ਸਰਗਰਮ ਹਨ।



ਸਭ ਤੋਂ ਪਹਿਲਾਂ ਅਛੂਤਾਂ ਦਾ ਸ਼ੁੱਧੀਕਰਨ ਕਰਨ ਦਾ ਪਰਪੰਚ ਰਚ ਕੇ ਆਰੀਆ ਸਮਾਜ ਨੇ ਅਛੂਤਾਂ ਨੂੰ ਆਪਣੇ ਪ੍ਰਭਾਵ ਅਧੀਨ ਲੈ ਆਂਦਾ ਸੀ। ਆਰੀਆ ਸਕੂਲਾਂ ਵਿਚ ਪੜ੍ਹੇ-ਲਿਖੇ ਹੋਣ ਕਾਰਨ ਮੁਢਲੇ ਅਛੂਤ ਪੜ੍ਹਾਈ ਖਤਮ ਕਰਕੇ ਆਰੀਆ ਸਮਾਜ ਦੇ ਪ੍ਰਚਾਰਕ ਜਾਂ ਅਧਿਆਪਕ ਬਣਦੇ ਰਹੇ। ਸੁਆਮੀ ਸ਼ੂਦਰਾਨੰਦ ਜਲੰਧਰ ਦੇ ਆਰੀਆ ਸਕੂਲ ਤੋਂ 1914 ਈ: ਵਿਚ ਵਿੱਦਿਆ ਪ੍ਰਾਪਤੀ ਉਪਰੰਤ ਆਰੀਆ ਸਮਾਜ ਦੇ ਪ੍ਰਚਾਰਕ ਬਣੇ। ਇਸੇ ਤਰ੍ਹਾਂ ਠਾਕਰ ਦਾਸ ਕੰਦੋਲਾ, ਬਸੰਤ ਸਿੰਘ ਅਤੇ ਬਾਅਦ ਵਿਚ ਮਾਸਟਰ ਗੁਰਬੰਤਾ ਸਿੰਘ ਨੇ ਆਰੀਆ ਸਮਾਜੀ ਸਕੂਲਾਂ ਤੋਂ ਪੜ੍ਹ ਕੇ ਇਨ੍ਹਾਂ ਸੰਸਥਾਵਾਂ ਵਿਚ ਅਧਿਆਪਕ ਵਜੋਂ ਕੰਮ ਕੀਤਾ, ਜਿਹਨਾਂ ਨੇ ਆਰੀਆ ਸਮਾਜ ਲਈ ਸਿੱਧੇ ਤੌਰ 'ਤੇ ਕੰਮ ਨਹੀਂ ਵੀ ਕੀਤਾ ਪਰ ਆਰੀਆ ਸਮਾਜੀ ਪ੍ਰਭਾਵ ਤੋਂ ਬਚ ਨਾ ਸਕੇ।

ਹੁਸ਼ਿਆਰਪੁਰ ਵਿਚ ਆਰੀਆ ਸਮਾਜ ਤੋਂ ਪ੍ਰਭਾਵਿਤ ਅਛੂਤਾਂ ਨੇ ਦਇਆਨੰਦ ਦਲਿਤ ਉਧਾਰ ਮੰਡਲ ਅਤੇ ਲਾਹੌਰ ਵਿਚ ਦਇਆ ਨੰਦ ਅਛੂਤ ਉਧਾਰ ਮੰਡਲ ਵਰਗੀਆਂ ਸੰਸਥਾਵਾਂ ਸਥਾਪਤ ਕੀਤੀਆਂ ਪਰ ਜਿਹੜੇ ਆਦਿ ਧਰਮੀਆਂ ਨੇ ਆਰੀਆ ਸਮਾਜ ਦੀ ਸਰਗਰਮੀ ਨਾਲ ਹਮਾਇਤ ਕੀਤੀ ਸੀ ਉਹਨਾਂ ਦਾ ਭਰਮ ਜਲਦੀ ਹੀ ਟੁੱਟ ਗਿਆ। ਉਹ ਆਰੀਆ ਸਮਾਜ ਵਿਚ ਰਹਿ ਕੇ ਬਰਾਬਰੀ ਦਾ ਦਰਜਾ ਚਾਹੁੰਦੇ ਸਨ। 'ਆਦਿ-ਧਰਮ ਮੰਡਲ' ਦੀ ਸਥਾਪਨਾ ਤੋਂ ਪਹਿਲੋਂ ਆਰੀਆ ਸਮਾਜ ਦੇ ਹੁਸ਼ਿਆਰਪੁਰ ਨੇੜਲੇ ਪਿੰਡ ਪੁਰਾਣੀ ਬਸੀ ਦੇ ਘੁਮਿਆਰ ਜਾਤੀ ਦੇ ਸੰਤ ਰਾਮ ਬੀ. ਏ. ਨੇ 1922 ਵਿਚ 'ਜਾਤਪਾਤ ਤੋੜਕ ਮੰਡਲ' ਨਾਂ ਹੇਠਾਂ ਇਕ ਅੰਦੋਲਨ ਆਰੰਭਿਆ। ਇਹ ਮੰਡਲ 1924 ਤੱਕ ਆਰੀਆ ਸਮਾਜੀਆਂ ਦੇ ਬ੍ਰਾਹਮਣਵਾਦੀ ਪਾਖੰਡਾਂ ਕਰਕੇ ਆਰੀਆ ਸਮਾਜ ਨਾਲ ਬੁਰੀ ਤਰ੍ਹਾਂ ਉਲਝ ਪਿਆ ਤੇ ਅੰਤ ਵਿਚ ਇਨ੍ਹਾਂ ਨੇ ਆਰੀਆ ਸਮਾਜ ਨੂੰ ਛੱਡ ਕੇ 'ਆਦਿ ਧਰਮ' ਵਿਚ ਆਪਣਾ ਵੱਖਰਾ 'ਆਰੀਆ ਸਮਾਜ' ਸਿਰਜ ਲਿਆ।

ਆਦਿ-ਧਰਮ ਦੀ ਪਹਿਲੀ ਜਥੇਬੰਦਕ ਮੀਟਿੰਗ ਜਲੰਧਰ ਸ਼ਹਿਰ ਵਿਚ 1925 ਈ: ਵਿਚ ਹੋਈ। ਇਸ ਉਪਰੰਤ ਸ਼ਾਮ ਚੁਰਾਸੀ, ਨੂਰ ਮਹਿਲ ਅਤੇ ਪੰਡੋਰੀ ਨਿੱਜਰਾਂ ਵਿਚ ਕਈ ਮੀਟਿੰਗਾਂ ਹੋਈਆਂ। ਇਨ੍ਹਾਂ ਮੀਟਿੰਗਾਂ ਵਿਚ ਇਹ ਫੈਸਲਾ ਲਿਆ ਕਿ ਇਸ ਜਥੇਬੰਦੀ ਵਿਚ ਬਾਬੂ ਮੰਗੂ ਰਾਮ ਮੂਗੋਵਾਲੀਆ ਨੂੰ ਵੀ ਸ਼ਾਮਲ ਕੀਤਾ ਜਾਵੇ। ਬਾਬੂ ਮੁੱਗੋਵਾਲੀਆ ਅਮਰੀਕਾ ਵਿਚ ਗਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਭਾਰਤ ਪਰਤਣ 'ਤੇ ਭਾਰਤੀਆਂ ਖਾਸ ਕਰਕੇ ਅਛੂਤਾਂ ਦੇ ਹੀਰੋ ਬਣ ਗਏ। ਕਾਫੀ ਯਤਨਾਂ ਤੋਂ ਬਾਅਦ ਬਾਬੂ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੀ ਨਵੀਂ ਜਥੇਬੰਦੀ ਬਣਾਉਣਾ ਮੰਨਿਆ। ਬਾਬੂ ਮੁੱਗੋਵਾਲੀਆ ਦੇ ਅਸਰ ਰਸੂਖ ਨਾਲ ਬਹੁਤ ਸਾਰੇ ਆਦਿ-ਧਰਮੀ ਜੋ ਕਿ ਆਰੀਆ ਸਮਾਜ ਨਾਲ ਜੁੜੇ ਹੋਏ ਸਨ, ਆਰੀਆ ਸਮਾਜ ਨੂੰ ਛੱਡ ਕੇ ਆਦਿ ਧਰਮ ਮੰਡਲ ਵਿਚ ਸ਼ਾਮਲ ਹੋ ਗਏ। ਬਾਬੂ ਮੁੱਗੋਵਾਲੀਆ ਨੇ ਆਦਿ-ਧਰਮ ਮੰਡਲ ਦੀ ਪਹਿਲੀ ਮੀਟਿੰਗ ਵੀ ਆਪਣੇ ਪਿੰਡ ਮੁੱਗੋਵਾਲ ਥਾਣਾ ਮਾਹਿਲਪੁਰ (ਹੁਸ਼ਿਆਰਪੁਰ) ਵਿਚ 11-12 ਜੂਨ 1926 ਨੂੰ ਕੀਤੀ, ਜਿੱਥੇ ਬਾਬੂ ਜੀ ਨੂੰ ਇਸ ਨਵੀਂ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਇਸ ਅਹੁਦੇ 'ਤੇ ਇਸ ਪੂਰੇ ਅੰਦੋਲਨ ਦੇ ਸਮੇਂ ਤੱਕ ਕਾਇਮ ਰਹੇ ਅਤੇ ਇੰਝ ਆਦਿ-ਧਰਮ ਅੰਦੋਲਨ ਅਤੇ ਬਾਬੂ ਮੁੱਗੋਵਾਲੀਆ ਇਕਮਿਕ ਹੋ ਗਏ। ਬਾਬੂ ਮੁੱਗੋਵਾਲੀਆ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦਰ ਨੌਜਵਾਨ ਸਨ। ਵਿਦੇਸ਼ਾਂ ਵਿਚ 16 ਸਾਲ ਤੱਕ ਰਹਿ ਕੇ ਉਹਨਾਂ ਨੇ ਜੋ ਇੱਜ਼ਤ-ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਉਸ ਤਰ੍ਹਾਂ ਹਰ ਅਛੂਤ ਦੇ ਹਿੱਸੇ ਵੀ ਆਵੇ। 1926 ਵਿਚ 40 ਸਾਲ ਦੀ ਉਮਰ ਵਿਚ ਉਹਨਾਂ ਨੇ ਅਛੂਤਾਂ ਦੀ ਬਿਹਤਰੀ ਲਈ ਜੋ ਰਸਤਾ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਣਤਾ ਭਰਪੂਰ ਸੀ। ਬਾਬੂ ਮੁੱਗੋਵਾਲੀਆ ਦੀਆਂ ਦੇਸ਼ ਦੇ ਆਜ਼ਾਦੀ ਸੰਗਰਾਮ ਅਤੇ ਅਛੂਤਾਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਕੀਤੀਆਂ ਘਾਲਣਾਵਾਂ ਨੂੰ ਲੋਕਾਂ ਸਾਹਵੇਂ ਲਿਆਉਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਮਹਾਤਮਾ ਗਾਂਧੀ, ਸ੍ਰੀ ਅਰਬਿੰਦੋ, ਡਾ. ਅੰਬੇਡਕਰ ਤੇ ਹੋਰ ਸਮਾਜ ਸੁਧਾਰਕਾਂ ਤੇ ਰਾਜਨੀਤਿਕ ਨੇਤਾਵਾਂ ਤੋਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਦੇਣ ਕਿਸੇ ਤਰ੍ਹਾਂ ਵੀ ਘੱਟ ਨਹੀਂ।

**(ਕੌਮੀ ਉਡਾਰੀਆਂ ਜਲੰਧਰ 'ਚੋਂ ਧੰਨਵਾਦ ਸਹਿਤ)**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



**ਪੱਗਾਂ**
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla  Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



**ਸੂਟ**
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

**ਲਾਈਨਿੰਗ**
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

**530-671-0439, Fax 530-822-0439 Cell- 530-844-3250**

**Buy 5 get 1 free**



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

**510- 733- 2222**

1421 Industrial PKWY West#F Hayward, CA 94544



Harmandeep Singh



# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®
CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004

**Cell: 916-628-2210**
**Fax: 916-745-3424**
**Office: 916-285-1000**
Email : Dil.Realtor@gmail.com



2081 Arena Blvd # 100 Sacramento, CA 95834



# Chicago's Pizza with a Twist

Call: 1-209-398-2221






Parvinder Dhesi



Kulwant Sandhu

**1471 B St., Unit B, Livingston, CA 95334**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

**(ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)**

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਆਦਿ ਧਰਮ ਮੰਡਲ ਦੇ ਸੁਨਹਿਰੀ ਇਤਿਹਾਸ ਦੇ 11-12 ਜੂਨ ਦੇ ਸ਼ੁਭ ਦਿਹਾੜੇ ਮੌਕੇ ਫਿਰ ਤੋਂ ਇਕ ਵਾਰ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

**– ਤੇਜਪਾਲ ਗੰਗੜ**

**ਬਰਨਬੀ, ਬ੍ਰਿਟਿਸ ਕੁਲੰਬੀਆ, ਕੈਨੇਡਾ (ਫੋਨ: 778.319.5431)**

**ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ**

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜ਼ਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਪੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐ.ਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਓਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜ਼ੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

**ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:**

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।




ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:
ਪਹਿਲਾ ਮਤਾ- ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।
ਦੂਜਾ- ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।
ਤੀਜਾ ਮਤਾ- ਰਾਜਾ ਮੁੰਜੇ ਪੈਕਟ ਦੀ ਸਖਤ ਵਿੱਰਧਤਾ ਕਰਦੇ ਹਾਂ।
ਚੌਥਾ ਮਤਾ: ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।
ਪੰਜਵਾਂ ਮਤਾ- ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ।
ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪਰ ਖੱਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ ਉਸੋਂਹ''' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

**ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:**

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ ਉਵੱਖਰੇ ਚੋਣ ਖੇਤਰ ਪ੍ਰਨਾਲੀ" ਸ਼ੲਪੳਰੳਟੲ ੲਲੲਚਟੋਰੳਟੲ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾਂ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

**ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ**

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ. ਐਚ. ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਂਝ ਨਹੀਂ ਹੈ। ਭੂਮੀ ਇੰਤਕਾਲ ਆਰਜੀ ਐਕਟ ਨੇ ਡ੍ਰਿਪੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

**ਸੱਤਵੀ ਸਲਾਨਾ ਕਾਨਫਰੰਸ 1932 ਈ:**

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿੱਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ-ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿ-ਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋਂ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. ਪਹਿਲੀ ਮੰਗ- ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. ਦੂਜੀ ਮੰਗ- ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. ਤੀਜੀ ਮੰਗ - ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ।ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੁ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ , ਉਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. ਚੌਥੀ ਮੰਗ -ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕਤਿਾ ਜਾਵੇ।

5. ਪੰਜਵੀਂ ਮੰਗ:- ਸਾਡੇ ਲੋਕ ਗਰੀਬ ਹਨ ਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. To work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in co-operation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਂਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ । ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ ।

ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ । ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:
ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

ਉਹਨਾਂ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

**ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ (ਭਾਰਤ)**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org

# ਮਹਾਨ ਸੂਰਬੀਰ ਯੋਧਾ ਸੀ ਮਹਾਰਾਣਾ ਪ੍ਰਤਾਪ





ਨਵਜੋਤ ਬਜਾਜ ਗੱਗ
91-98721-02614

ਰਾਣਾ ਪ੍ਰਤਾਪ ਦਾ ਜਨਮ ਮੇਵਾੜ ਦੇ ਮਹਾਰਾਣਾ ਉਦੈ ਸਿੰਘ ਤੇ ਮਾਤਾ ਜੈਵੰਤਾ ਬਾਈ ਦੀ ਕੁੱਖੋ 9 ਮਈ 1540 ਨੂੰ ਕੁੰਭਲਗੜ ਦੇ ਕਿਲੇ ਵਿੱਚ ਹੋਇਆ।ਇਤਿਹਾਸ ਗਵਾ ਹੈ ਕਿ ਮਹਾਰਾਣਾ ਪ੍ਰਤਾਪ ਨੇ ਆਪਣੇ ਆਖਰੀ ਸਾਹ ਤੱਕ ਮੁਗਲਾਂ ਦੀ ਈਨ ਨਹੀ ਮੰਨੀ। ਰਾਣਾ ਪ੍ਰਤਾਪ ਨੇ ਮੁਗਲ ਬਾਦਸ਼ਾਹ ਅਕਬਰ ਦੀਆ ਚੁਨਾਉਤੀਆ ਦਾ ਹਮੇਸ਼ਾ ਡਟ ਕੇ ਸਾਹਮਣਾ ਕੀਤਾ ਤੇ ਉਸ ਨੂੰ ਪਲਟਵਾ ਜਵਾਬ ਵੀ ਦਿੱਤਾ। ਰਾਣਾ ਪ੍ਰਤਾਪ ਦਾ ਜੀਵਨ ਬਚਪਣ ਤੋ ਹੀ ਆਪਣੇ ਰਾਜ ਪ੍ਰਤੀ ਸਮ੍ਰਪਿਤ ਰਿਹਾ ਹੈ। ਰਾਣਾ ਉਦੈ ਸਿੰਘ ਦੀ ਮੌਤ ਤੋ ਬਾਅਦ 28 ਫਰਵਰੀ 1572 ਨੂੰ ਸਥਾਨਕ ਮੰਤਰੀਆ ਨੇ ਰਾਣਾ ਪ੍ਰਤਾਪ ਦਾ ਰਾਜ ਤਿਲਕ ਕੀਤਾ।

ਉਸ ਸਮੇ ਅਕਬਰ ਪੂਰੇ ਰਾਜਪੂਤਾਨੇ ਤੇ ਆਪਣਾ ਸਾਸਨ ਕਾਇਮ ਕਰਨਾ ਚਾਹੁੰਦਾ ਸੀ ਤੇ ਮੇਵਾੜ ਨੂੰ ਛੱਡ ਕੇ ਬਾਕੀ ਰਿਆਸਤਾਂ ਉਸ ਦੀ ਅਧੀਨਤਾ ਸਵੀਕਾਰ ਕਰ ਚੁੱਕੀਆ ਸਨ।ਅਨੇਕਾ ਰਾਜੇ ਉਸ ਨੂੰ ਆਪਣੀ ਲੜਕੀ ਦੇ ਕੇ ਰਿਸਤੇਦਾਰੀ ਕਾਇਮ ਕਰ ਰਹੇ ਸਨ।ਪ੍ਰਤਾਪ ਦੇ ਆਪਣੇ ਭਰਾ ਸਕਤੀ ਸਿੰਘ, ਜਰਾਮਾਲ ਤੇ ਸਾਗਰ ਸਿੰਘ ਅਕਬਰ ਦੀ ਨੌਕਰੀ ਕਰਦੇ ਸਨ। ਪ੍ਰਤਾਪ ਰਾਜਪੂਤਾ ਦੇ ਇਸ ਵਰਤਾਰੇ ਤੋ ਬਹੁਤ ਦੁਖੀ ਸੀ।

ਅਕਬਰ ਨੇ ਰਾਣਾ ਪ੍ਰਤਾਪ ਨਾਲ ਸਾਂਤੀ ਸਮਝੋਤਾ ਕਰਨ ਲਈ 6 ਰਾਜਨੀਤਕ ਮਿਸਨ ਮੇਵਾੜ ਭੇਜੇ ਪਰ ਗੱਲ ਸਿਰੇ ਨਾ ਚੜੀ । ਇਸ ਤੋ ਬਆਦ ਮੁਗਲ ਅਤੇ ਰਾਜਪੂਤਾ ਵਿੱਚ ਜੰਗ ਅਟੱਲ ਹੋ ਗਈ।

1576 ਵਿੱਚ 6000 ਮੁਗਲ ਸੈਨਾ ਮਾਨ ਸਿੰਘ (ਰਾਜਪੁਤ) ਤੇ ਆਸਫ ਖਾਨ ਦੀ ਅਗਵਾਈ ਹੇਠ ਮੇਵਾੜ ਪਹੁੰਚ ਗਈ।ਰਾਣਾ ਪ੍ਰਤਾਪ ਦੀ ਸੈਨਾ ਮੁਗਲਾਂ ਤੋ ਅੱਧੀ ਸੀ।ਉਸ ਦੀ ਫੋਜ ਦੇ ਕਮਾਂਡਰ ਰਾਮਸਾਹ ਤੰਵਰ, ਰਾਵਤ ਕ੍ਰਿਸਨ ਦਾਸ ਚੂੜਾਵਤ, ਮਾਨ ਸਿੰਘ ਝਾਲਾ ਤੇ ਚੰਦਰ ਸੇਨ ਰਾਠੋੜ ਸਨ।ਇਸ ਜੰਗ ਵਿੱਚ ਅਫਗਾਨ ਫੌਜ ਤੇ ਭੀਲ ਸੇਨਾ ਨੇ ਵੀ ਪ੍ਰਤਾਪ ਦਾ ਸਾਥ ਦਿੱਤਾ। ਇਸ ਯੰਗ ਵਿੱਚ ਅਕਬਰ ਨੂੰ ਭਾਰੀ ਸੇਨਾ ਹੋਣ ਦੇ ਬਾਵਜੂਦ ਹਾਰ ਦਾ ਮੂੰਹ ਦੇਖਣਾ ਪਿਆ। ਇਸ ਤੋ ਬਾਅਦ 18 ਜੂਨ 1576 ਨੂੰ ਹਲਦੀ ਘਾਟੀ ਦੀ ਜੰਗ ਹੋਈ।ਇਸ ਯੰਗ ਵਿੱਚ ਵੀ ਰਾਜਪੂਤਾਂ ਦਾ ਹੀ ਪੱਲੜਾ ਭਾਰੀ ਰਿਹਾ ਤੇ ਮੁਗਲਾਂ ਨੂੰ ਭਾਰੀ ਨੁਕਸਾਨ ਹੋਇਆ।ਫਿਰ ਅਕਬਰ ਨੇ ਆਪਣੀ ਫੌਜ ਦੇ ਇੱਕ ਲੱਖ ਸੈਨਕ ਹੋਰ ਭੇਜ ਦਿੱਤੇ ਜੋ ਪ੍ਰਤਾਪ ਦੀ ਸੇਨਾ ਤੇ ਭਾਰੀ ਪਏ।ਰਾਣਾ ਪ੍ਰਤਾਪ ਨੂੰ ਮੈਦਾਨ ਛੱਡ ਕੇ ਅਰਾਵਲੀ ਪਹਾੜਾਂ ਵਿੱਚ ਸਰਣ ਲੈਣੀ ਪਈ।ਛਾਪਮਾਰ ਯੁੱਧ ਦੇ ਡਰ ਕਾਰਨ ਮੁਗਲ ਫੌਜ ਨੇ ਰਾਣਾ ਪ੍ਰਤਾਪ ਪਿਛਾ ਨਾ ਕੀਤਾ ਪਰ ਮੇਵਾੜ ਦੇ ਵਧੇਰੇ ਇਲਾਕੇ ਤੇ ਆਪਣਾ ਕਬਜਾ ਜਮਾ ਲਿਆ।

ਰਾਣਾ ਪ੍ਰਤਾਪ ਦ੍ਰਿੜ ਸੰਕਲਪ ਨਾਲ ਫਿਰ ਵੀ ਡਟਿਆ ਰਿਹਾ ਕਿ ਮੇਰੇ ਰਾਜ ਦੇ ਲੋਕ ਕਦੇ ਵੀ ਮੁਗਲਾਂ ਦੀ ਗੁਲਾਮੀ ਨਾ ਕਰਣ ਉਸ ਨੇ ਕੁੰਭਲਗੜ ਨੂੰ ਆਪਣੀ ਰਾਜਧਾਨੀ ਬਣਾ ਲਿਆ ਤੇ ਜੰਗ ਜਾਰੀ ਰੱਖੀ ਜਦੋ ਮਾਨ ਸਿੰਘ ਪ੍ਰਤਾਪ ਨੂੰ ਈਨ ਨਾ ਮਨਾ ਸਕਿਆ ਤਾਂ ਅਕਬਰ ਨੇ ਖੁੱਦ ਜੰਗ ਦੀ ਕਮਾਨ ਸੰਭਾਲ ਲਈ ।ਮੁਗਲ ਫੌਜ ਨੇ ਉਦੇਪਰ ਤੇ ਕੁੰਭਲਗੜ ਅਤੇ ਸਾਰੇ ਮੇਵਾੜ ਉੱਤੇ ਕਬਜਾ ਜਮਾਂ ਲਿਆ ਤੇ ਰਾਣਾ ਪ੍ਰਤਾਪ ਨੂੰ ਦੁਬਾਰਾ ਫਿਰ ਅਰਾਵਲੀ ਪਹਾੜਾਂ ਵੱਲ ਸ਼ਰਨ ਲੈਣੀ ਪਈ। ਅਕਬਰ ਨੇ ਰਾਣਾ ਦੀ ਮਦਦ ਕਰਨ ਵਾਲੀਆਂ ਜਲੌਰ, ਸਿਰੋਰੀ, ਬਾਂਸਵਾੜਾ, ਡੂੰਗਰਪੁਰ ਤੇ ਬੂੰਦੀ ਆਦਿ ਰਿਆਸਤਾਂ ਉੱਤੇ ਵੀ ਕਬਜਾ ਕਰ ਲਿਆ, ਇਹਨਾਂ ਰਾਜਿਆਂ ਨੇ ਅਕਬਰ ਦੀ ਅਧੀਨਤਾ ਸਵੀਕਾਰ ਕਰ ਲਈ।ਅਕਬਰ ਨੂੰ ਰਾਜਪੂਤਾਨੇ ਵਿੱਚ ਰੁੱਝਿਆ ਵੇਖ ਕੇ 1579 ਵਿੱਚ ਬੰਗਾਲ ਤੇ ਬਿਹਾਰ ਦੇ ਸੂਬੇਦਾਰਾਂ ਬਗਾਵਤ ਕਰ ਦਿੱਤੀ ਤੇ ਅਕਬਰ ਦੇ ਮਤਰਏ ਭਰਾ ਕਾਬਲ ਦੇ ਰਾਜੇ ਮਿਰਜਾ ਹਾਕਿਮ ਨੇ ਪੰਜਾਬ ਵਿੱਚ ਦਖ਼ਲ ਅੰਦਾਜੀ ਸੂਰੂ ਕਰ ਦਿੱਤੀ। ਜਦੋ ਮੁਗਲ ਕਮਾਂਡਰ ਇਹ ਬਗਾਵਤਾਂ ਨਾ ਦਬਾ ਸਕੇ ਤਾਂ ਅਕਬਰ ਨੂੰ ਆਪ ਉਸ ਪਾਸੇ ਜਾਣਾ ਪਿਆ।ਉਹ ਅਗਲੇ 12 ਸਾਲ ਲਾਹੌਰ , ਸੂਬਾ ਸਰਹੱਦ ਤੇ ਹੋਰ ਮਸਲਿਆ ਵਿੱਚ ਉਲਝਿਆ ਰਿਹਾ ਤੇ ਰਾਣਾ ਪ੍ਰਤਾਪ ਵੱਲ ਧਿਆਨ ਨਾ ਦੇ ਸਕਿਆ।ਇਸ ਦਾ ਫਾਇਦਾ ਉਠਾ ਕੇ ਰਾਣਾ ਪ੍ਰਤਾਪ ਨੇ ਮੁਗਲ ਫੌਜ ਨੂੰ ਮਾਰ ਭਜਾਇਆ ਤੇ ਚਿਤੋੜ ਨੂੰ ਛੱਡ ਕੇ ਉਦੇਪੁਰ ਤੇ ਕੁੰਭਲਗੜ ਸਮੇਤ ਸਾਰੇ ਮੇਵਾੜ ਉਤੇ ਮੁੜ ਕਬਜਾ ਜਮਾ ਲਿਆ।ਉਸ ਨੇ ਡੂੰਗਰਪੁਰ ਦੇ ਨਜਦੀਕ ਨਵੀ ਰਾਜਧਾਨੀ ਚਾਵੰਡ ਵੀ ਵਸਾ ਲਈ ਪਰ ਉਸ ਨੂੰ ਜਿਆਦਾ ਦੇਰ ਰਾਜ ਭੋਗਣਾ ਨਸੀਬ ਨਾ ਹੋਇਆ।ਉਹ ਸ਼ਿਕਾਰ ਖੇਡਦੇ ਸਮੇ ਘੋੜੇ ਤੋ ਡਿੱਗ ਕੇ ਜਖਮੀ ਹੋ ਗਿਆ।ਜਿਸ ਕਾਰਨ 28 ਜਨਵਰੀ, 1597 ਨੂੰ 57 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ।

ਰਾਣਾ ਪ੍ਰਤਾਪ ਦੀ ਮੌਤ ਦੀ ਖਬਰ ਸੁਣ ਕੇ ਅਕਬਰ ਕਾਫੀ ਦੇਰ ਤੱਕ ਚੁਪ ਰਿਹਾ ਤੇ ਦੁਖ ਦਾ ਪ੍ਰਗਟਾਵਾ ਵੀ ਕੀਤਾ।ਚਾਵੰਡ ਵਿਖੇ ਉਸ ਦੇ ਅੰਤਿਮ ਸਸਕਾਰ ਵਾਲੀ ਜਗਾਂ ਤੇ ਸਮਾਰਕ ਵਜੋ ਛਤਰੀ ਬਣੀ ਹੋਈ ਹੈ।ਪੂਰੇ ਵਿਸਵ ਵਿੱਚ ਮਹਾ ਰਾਣਾ ਪ੍ਰਤਾਪ ਨੂੰ ਅੱਜ ਭਾਰਤ ਦੇਸ ਦੇ ਮਹਾਨ ਸੂਰਬੀਰ ਤੇ ਅਣਖੀ ਯੋਧੇ ਵਜੋ ਯਾਦ ਕੀਤਾ ਜਾਂਦਾ ਹੈ।

**ਰੈੱਡ ਕਰਾਸ ਨੂੰ ਸਮਰਪਿਤ**

# ਮਾਨਵਤਾ ਨੂੰ ਸਮਰਪਿਤ - ਰੈੱਡ ਕਰਾਸ

ਕੁਦਰਤ ਦੀ ਗੋਦ 'ਚ ਵਸੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਜਿੱਥੇ ਖ਼ਾਲਸੇ ਦੀ ਸਿਰਜਣਾ ਦੀ ਪਵਿੱਤਰ ਭੂਮੀ ਹੋਣ ਦਾ ਮਾਣ ਹਾਸਲ ਹੋਇਆ ਹੇ। ਉੱਥੇ ਦੁਖੀ ਤੇ ਪੀੜਤ ਮਨੁੱਖਤਾ ਦੀ ਬਿਨ੍ਹਾਂ ਕਿਸੇ ਭੇਦਭਾਵ ਦੇ ਸੇਵਾ ਕਰਨ ਦੀ ਮਿਸਾਲ ਪੈਦਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਦੁਖੀ ਮਾਨਵਤਾ ਦੀ ਸੇਵਾ ਦਾ ਇਹੋ ਸੰਕਲਪ ਅੱਜ ਦੀ ਰੈੱਡ ਕਰਾਸ ਸੰਸਥਾ ਦੀ ਬੁਨਿਆਦ ਬਣਿਆ ਹੈ। ਜਿਸ ਨੂੰ ਅੱਜਕੱਲ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਹੋ ਚੁੱਕੀ ਹੈ।ਮੁਗਲ ਫੌਜਾਂ ਤੇ ਸਿੰਘਾਂ ਵਿਚਕਾਰ ਘਮਸਾਨ ਦੀ ਜੰਗ ਦੌਰਾਨ ਕੁਝ ਸਿੰਘਾਂ ਨੇ ਦੇਖਿਆ ਕਿ ਇੱਕ ਸਿੰਘ ਪਿੱਠ ਤੇ ਮਸ਼ਕ ਬੰਨ੍ਹੀ ਮੁਗਲ ਫ਼ੌਜ ਦੇ ਜ਼ਖ਼ਮੀ ਸੈਨਿਕਾਂ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਸੀ। ਸਿੰਘਾਂ ਦੀ ਸ਼ਿਕਾਇਤ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਪਾਣੀ ਪਿਲਾਉਣ ਵਾਲੇ ਸਿੰਘ ਨੂੰ ਬੁਲਾਵਾ ਭੇਜਿਆ।

ਉਹਨਾਂ ਨੇ ਸਿੰਘਾਂ ਦੀ ਸ਼ਿਕਾਇਤ ਬਾਰੇ ਸਿੰਘ ਨੂੰ ਦੱਸਦਿਆਂ ਕਿਹਾ ਭਾਈ ਸਾਹਿਬ, ਕੀ ਇਹ ਸਿੰਘ ਸੱਚ ਆਖ ਰਹੇ ਹਨ? ਦੋਵੇ ਹੱਥ ਜੋੜ ਕੇ ਸਿਰ ਨੀਵਾਂ ਕਰਕੇ ਭਾਈ ਸਾਹਿਬ ਨੇ ਕਿਹਾ, 'ਹਾ, ਸੱਚੇ ਪਾਤਸ਼ਾਹ , ਇਹ ਸੱਚ ਹੈ।ਜੰਗ ਦੇ ਮੈਦਾਨ ਵਿੱਚ ਪਾਣੀ-ਪਾਣੀ ਕੁਰਲਾ ਰਹੇ ਤੇ ਜ਼ਖ਼ਮਾਂ ਨਾਲ ਤੜਫ਼ ਰਹੇ ਸਿੰਘਾਂ ਤੇ ਮੁਗਲਾਂ ਚ ਮੈਨੂੰ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ।ਇਹ ਹੋਰ ਕੋਈ ਨਹੀਂ ਸਗੋਂ ਭਾਈ ਘਨੱਈਆ ਜੀ ਹੀ ਸਨ।ਜਿਨ੍ਹਾਂ ਨੇ ਗੁਰੂ ਆਸ਼ੇ ਅਨੁਸਾਰ ਮਨੁੱਖਤਾ ਦੀ ਨਿਸ਼ਕਾਮ ਸੇਵਾ ਦਾ ਮੁੱਢ ਬੰਨ੍ਹਿਆ। ਗੁਰੂ ਜੀ ਬੇਹੱਦ ਖੁਸ਼ ਹੋਏ ਤੇ ਕਿਹਾ 'ਭਾਈ ਘਨਈਆ ਜੀ ਤੁਸੀਂ ਸੱਚਮੁੱਚ ਹੀ ਸਿੱਖੀ ਤੇ ਸੇਵਾ ਦੇ ਸੰਕਲਪ ਨੂੰ ਧਾਰ ਲਿਆ ਹੈ। ਤੁਸੀਂ ਸਿੱਖੀ ਤੇ ਸੇਵਾ ਦੇ ਪੁੰਜ ਹੋ ਗੁਰੂ ਜੀ ਨੇ ਭਾਈ ਘਨਈਆ ਦੇ ਹੱਥ ਚ ਮਲ੍ਹਮ ਪੱਟੀ ਦਾ ਡੱਬਾ ਫੜਾਉਦਿਆਂ ਕਿਹਾ, ਜਾਓ ਹੁਣ ਪਿਆਸਿਆਂ ਦੀ ਪਿਆਸ ਮਿਟਾਉਣ ਦੇ ਨਾਲ-ਨਾਲ ਜ਼ਖ਼ਮੀਆਂ ਦਾ ਦਰਦ ਵੀ ਦੂਰ ਕਰੋ। ਇਹ ਸੀ ਮਹਾਨ ਗੁਰੂ ਤੇ ਮਹਾਨ ਸਿੱਖ ਦਾ ਧਰਮ ਤੇ ਸੇਵਾ ਦਾ ਸੰਕਲਪ। ਰੈੱਡ ਕਰਾਸ ਵਿਸ਼ਵ ਪੱਧਰ ਦੀ ਸਭ ਤੋ ਵੱਡੀ ਅੰਤਰ-ਰਾਸ਼ਟਰੀ ਸੇਵਾ ਤੇ ਸਹਾਇਤਾ ਵਾਲੀ ਸੰਸਥਾ ਹੈ, ਜਿਸ ਦਾ ਮੁੱਖ ਦਫ਼ਤਰ ਜਨੇਵਾ (ਸਵਿਟਜ਼ਰ-ਲੈਂਡ) ਵਿੱਚ ਹੈ, ਜਿਸ ਦੇ ਬਾਨੀ ਜੀਨ ਹੈਨਰੀ ਡਿਊਨਾ ਹਨ। ਰੈੱਡ ਕਰਾਸ ਦਿਵਸ ਨੂੰ ਹੈਨਰੀ ਡਿਊਨਾ ਦੇ ਜਨਮ ਦਿਨ (8 ਮਈ) ਨਾਲ ਜੋੜਿਆ ਗਿਆ ਹੈ। ਹੈਨਰੀ ਡਿਊਨਾ ਦਾ ਜਨਮ 8 ਮਈ 1828 ਵਿੱਚ ਸਵਿਟਜ਼ਰਲੈਂਡ ਵਿਖੇ ਹੋਇਆ।



ਉਹ ਕਿਸੇ ਕੰਮ ਲਈ ਇਟਲੀ ਦੇ ਕਸਬੇ ਮੈਲਫਰੀਨੋ ਵਿਖੇ ਗਿਆ।ਇਹਨਾਂ ਦਿਨਾਂ ਚ 1859 ਨੂੰ ਇਸ ਕਸਬੇ ਵਿੱਚ ਫਰਾਂਸ ਅਤੇ ਆਸਟਰੀਆ ਦੀਆਂ ਫੌਜਾਂ ਚ ਖਤਰਨਾਕ ਯੁੱਧ ਹੋਇਆ। ਜਿਸ ਵਿੱਚ ਹਜ਼ਾਰਾਂ ਸੈਨਿਕ ਜ਼ਖਮੀ ਹੋ ਗਏ ਤੇ ਹਜ਼ਾਰਾਂ ਹੀ ਮਾਰੇ ਗਏ।ਹੈਨਰੀ ਡਿਊਨਾ ਦਾ ਮਨ ਪਸੀਜ ਗਿਆ। ਉਸ ਨੇ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਇਕੱਠਾ ਕਰਕੇ ਦੁੱਖੀਆਂ ਤੇ ਜ਼ਖਮੀਆਂ ਦੀ ਸੇਵਾ ਲਈ ਪ੍ਰੇਰਿਆ। ਇਸ ਦਰਦਨਾਕ ਘਟਨਾ ਸਬੰਧੀ ਡਿਊਨਾ ਨੇ ਇੱਕ ਕਿਤਾਬ ਲਿਖੀ ਤੇ ਕਿਤਾਬ ਦੇ ਅੰਤ ਵਿੱਚ ਇਸ ਕਾਰਜ ਲਈ ਕੋਈ ਸੰਸਥਾ ਖੜ੍ਹੀ ਕਰਨ ਦਾ ਸੁਝਾਅ ਦਿੱਤਾ। ਅਕਤੂਬਰ 1863 ਵਿੱਚ ਕੁਝ ਦੇਸ਼ਾਂ ਦੇ ਪ੍ਰਤੀਨਿਧਾਂ ਦੀ ਜਨੇਵਾ ਵਿਖੇ ਬੈਠਕ ਵਿੱਚ ਸੰਸਥਾ ਬਾਰੇ ਫ਼ੈਸਲਾ ਤੈਅ ਹੋਇਆ। ਡਿਊਨਾ ਤੇ ਸਵਿਟਜ਼ਰਲੈਂਡ ਨੂੰ ਮਾਣ ਦੇਣ ਲਈ ਸਵਿਟਜ਼ਰਲੈਂਡ ਦੇ ਕੌਮੀ ਝੰਡੇ ਤੇ ਇਸ ਦੇ ਚਿੰਨ੍ਹ ਦੇ ਰੰਗਾਂ ਨੂੰ ਆਪਸ ਵਿੱਚ ਬਦਲ ਕੇ ਅਪਣਾਇਆ ਗਿਆ।

ਜਨੇਵਾ ਸੰਧੀਆਂ ਅਨੁਸਾਰ ਰੈੱਡ ਕਰਾਸ ਦਾ ਉਦੇਸ਼ ਹਵਾਈ, ਥਲ ਤੇ ਜਲ ਸੈਨਾ ਦੇ ਜ਼ਖ਼ਮੀਆਂ ਤੇ ਕੁਦਰਤੀ ਆਫ਼ਤਾਂ ਦੇ ਮਾਰਿਆਂ ਦੀ ਸੰਭਾਲ, ਜੰਗੀ ਕੈਦੀਆਂ ਨਾਲ ਮਨੁੱਖੀ ਸਲੂਕ, ਅਪਾਹਜਾਂ ਦੀ ਸੇਵਾ, ਮੁੜ ਵਸੇਬਾ ਤੇ ਸੰਸਾਰ ਵਿੱਚ ਅਮਨ-ਸਾਂਤੀ ਲਈ ਸਾਰਥਕ ਯਤਨ ਕਰਨਾ ਹੈ। ਲਗਭਗ 180 ਦੇਸ਼ ਰੈੱਡ ਕਰਾਸ ਦੇ ਮੈਂਬਰ ਹਨ।1901 ਵਿੱਚ ਪਹਿਲਾ ਨੋਬਲ ਸ਼ਾਂਤੀ ਇਨਾਮ ਹੈਨਰੀ ਡਿਊਨਾ ਨੂੰ ਦਿੱਤਾ ਗਿਆ ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਬਿਮਾਰ, ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰ ਦਿੱਤੀ। 1963 ਦਾ ਨੋਬਲ ਸ਼ਾਂਤੀ ਪੁਰਸਕਾਰ ਵਿਸ਼ਵ ਰੈੱਡ ਕਰਾਸ ਸੰਸਥਾ ਨੂੰ ਮਿਲਿਆ।ਲੋਕ ਭਲਾਈ ਤੇ ਰਾਹਤ ਦੀ ਇਹ ਸੰਸਥਾ ਆਪਣੇ ਕਾਰਜ ਲੋਕਾਂ ਦੇ ਸਹਿਯੋਗ ਨਾਲ ਕਰਦੀ ਹੈ। ਜੰਗ ਜਾਂ ਕੁਦਰਤੀ ਆਫ਼ਤਾਂ ਸਮੇਂ ਹੀ ਨਹੀਂ ਸਗੋਂ ਇਹ ਸੰਸਥਾ ਸ਼ਾਂਤੀ ਸਮੇਂ ਵੀ ਸਹਾਇਤਾ ਕਾਰਜ ਕਰਦੀ ਹੈ। ਜਿਵੇਂ ਗਰੀਬਾਂ, ਅਨਾਥਾਂ, ਅਪਾਹਜਾਂ ਨੂੰ ਸਹਾਇਤਾ ਦੇਣਾ, ਦੁਰਘਟਨਾ ਸਮੇਂ ਜ਼ਖਮੀਆਂ ਦੀ ਸੰਭਾਲ ਕਰਨੀ, ਅੱਖਾਂ, ਖ਼ੂਨ ਤੇ ਹੋਰ ਸਰੀਰਕ ਅੰਗ ਦਾਨ ਲੈ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਗਰੀਬ ਬੱਚਿਆਂ ਦੀ ਪੜ੍ਹਾਈ ਚ ਸਹਾਇਤਾ ਆਦਿ। ਇਹ ਸੰਸਥਾ ਸਵੈ-ਸੇਵਕਾਂ ਦੀ ਅੰਤਰਰਾਸ਼ਟਰੀ ਜਥੇਬੰਦੀ ਵੀ ਹੈ, ਜਿਸ ਦਾ ਧੁਰਾ ਵੀ ਸਵੈ-ਸੇਵਾ ਹੈ। ਜਨਵਰੀ 2001 ਚ ਗੁਜਰਾਤ ਚ ਆਏ ਭੁਚਾਲ ਦੇ ਪੀੜਤਾਂ ਦੀ ਸਹਾਇਤਾ ਲਈ ਦੁਨੀਆ ਭਰ ਤੋ ਆਏ ਰੈੱਡ ਕਰਾਸ ਸਵੈ-ਸੇਵਕਾਂ ਨੇ ਦਿਖਾ ਦਿੱਤਾ ਕਿ ਇਹ ਸੰਸਥਾ ਬਿਨਾਂ ਕਿਸੇ ਸਰਹੱਦ ਦੀ ਪ੍ਰਵਾਹ ਕਰਦਿਆਂ ਨਿਸ਼ਕਾਮ ਸੇਵਾ ਲਈ ਅੱਗੇ ਆਉਂਦੀ ਹੈ। ਰੈੱਡ ਕਰਾਸ ਦੇ ਭਾਵ ਤੇ ਭਾਵਨਾ ਨੂੰ ਸਮਝਣ ਤੇ ਅਪਣਾਉਣ ਦੀ ਲੋੜ ਹੈ ਮਾਨਵਤਾ ਦੀ ਸੇਵਾ ਰੂਪੀ ਜੋਤ ਨੂੰ ਭਾਈ ਘਨਈਆ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਜਗਾਇਆ, ਜਿਸ ਨੂੰ ਹੈਨਰੀ ਡਿਊਨ ਨੇ ਸਮੁੱਚੇ ਵਿਸ਼ਵ ਪੱਧਰ ਤੇ ਰੋਸ਼ਨੀ ਕਰਨ ਲਈ ਰੈੱਡ ਕਰਾਸ ਦੇ ਨਾਂਅ ਹੇਠ ਅਪਣਾਇਆ। ਪੰਜਾਬ ਵਿੱਚ ਭਾਈ ਘਨਈਆ ਜੀ ਨੂੰ ਵੀ ਰੈੱਡ ਕਰਾਸ ਦੇ ਪਹਿਲੇ ਪਰਿਵਰਤਕ ਵਜੋਂ ਯਾਦ ਕੀਤਾ ਜਾਂਦਾ ਹੈ । ਅੱਜ ਲੋੜ ਹੈ ਅਸੀਂ ਪੀੜਤ ਮਾਨਵਤਾ ਦੀ ਭਲਾਈ ਲਈ ਆਪਣੇ ਅੰਦਰ ਦੇ ਸਵੈ ਸੇਵਕ ਨੂੰ ਪਛਾਣੀਏ ਅਜਿਹੀਆਂ ਮਾਨਵਤਾਵਾਦੀ ਸੰਸਥਾਵਾਂ ਨਾਲ ਜੁੜੀਏ ਅਤੇ ਸਮਾਜ ਸੇਵਾ ਦੇ ਇਸ ਦਾਇਰੇ ਨੂੰ ਹੋਰ ਵਿਸਾਲ ਕਰੀਏ ਤਾਂ ਜੋ ਦੁਖੀ ਮਾਨਵਤਾ ਦੀ ਸੇਵਾ ਦਾ ਸੰਦੇਸ਼ ਘਰ ਘਰ ਪਹੁੰਚਾਇਆ ਜਾ ਸਕੇ।

**ਨਵਜੋਂਤ ਬਜਾਜ (ਗੱਗੂ)**
**91-98721-02614**

**8 ਮਈ 'ਤੇ ਵਿਸ਼ੇਸ਼**

# ਮਾਂ ਤਾਂ ਰੱਬ ਦਾ ਰੂਪ ਹੈ

ਮੋਨਿਕਾ ਬਜਾਜ
91-98721-02614

ਛੋਟੇ ਹੁੰਦਿਆ ਇੱਕ ਗੀਤ ਅਕਸਰ ਸੁਣਦੇ ਸੀ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਓ' ਇਹ ਗੀਤ ਕੰਨੀ ਰਸ ਘੋਲ ਦਿੰਦਾ ਸੀ। ਪਰ ਜਦੋ ਹੋਲੀ-ਹੋਲੀ ਜਿੰਦਗੀ ਆਪਣੇ ਪੜਾਅ ਵੱਲ ਵਧਦੀ ਚਲੀ ਗਈ ਤੇ ਉਮਰਾਂ ਦੇ ਤਜੁਰਬੇ ਵਿੱਚੋ ਲੰਘਣ ਦਾ ਮੌਕਾ ਮਿਲਿਆ ਤਾਂ ਇਸ ਗੀਤ ਦੇ ਸਹੀ ਅਰਥ ਪਤਾ ਲੱਗੇ। ਇਸ ਗੀਤ ਦਾ ਕੰਨਾਂ ਨਾਲ ਕੋਈ ਸਬੰਧ ਨਹੀ। ਇਸ ਗੀਤ ਦਾ ਸਿੱਧਾ ਸਬੰਧ ਰੂਹ ਨਾਲ ਹੈ ਕਿਉਕਿ ਮਾਂ ਹੀ ਹੈ ਜਿਸ ਦਾ ਦੇਣਾ ਕੋਈ ਨਹੀ ਦੇ ਸਕਦਾ ਅਸੀ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜ ਕਦੇ ਨਹੀ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਡੇ ਗੁਰੂਆਂ-ਪੀਰਾਂ ਨੇ ਵੀ ਹਮੇਸਾ ਜਗ ਜਣਨੀ ਮਾਂ ਨੂੰ ਸਤਿਕਾਰ ਦੇਣ ਦੀ ਗੱਲ ਕਹੀ ਹੈ। ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ।ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ।ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ।

ਮਾਂ ਦੇ ਪੈਰਾਂ ਵਿਚ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ, ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਪਿਤਾ ਜੀ ਦੇ ਵਿਛੋੜੇ ਤੋ ਬਾਅਦ ਮੇਰੀ ਮਾਂ ਨੇ ਮੈਨੂੰ ਮਾਂ ਤੇ ਪਿਉ ਵਾਲਾ ਪਿਆਰ ਦਿੱਤਾ। ਮਾਂ ਦੇ ਚਰਨਾ ਤੇ ਮੱਥਾ ਟੇਕ ਕੇ ਮੇਰੇ ਸਾਰੇ ਕੰਮ ਸਫਲ ਹੋ ਜਾਂਦੇ ਹਨ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾਂ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ। ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਚੀਜ ਵੀਹ ਸਾਲ ਬਾਅਦ ਰਾਖ ਨਿਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੋਰ ਵਿੱਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਥ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ।



ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾਂ ਵਿੱਚ ਜਾ ਡਿਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾਂ ਲੈਣਾ ਹੈ। ਸਾਡਾ ਸਭ ਦਾ ਫਰਜ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ-ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾਂ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ ਨਾਲ ਨਹੀ' ਇਸ ਲਈ ਹਮੇਸਾ ਸਰਵਨ ਪੁੱਤਰ ਬਨਣ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਕਹਾਣੀ ਗੋਸ਼ਟੀ 27 ਅਪ੍ਰੈਲ ਨੂੰ ਹੋਈ





**ਟੋਰਾਂਟੋ–** ਕਹਾਣੀ ਵਿਚਾਰ ਮੰਚ ਟੋਰੋਂਟੋ ਦੀ ਮੀਟਿੰਗ ਸਤਿਕਾਰ ਯੋਗ ਭੈਣ ਜੀ ਰਾਜ ਘੁੰਮਣ ਜੀ ਦੇ ਘਰ ਵਿਖੇ 27 ਅਪਰੈਲ, 2019 ਨੂੰ ਸਾਹਿਤਕ ਅਤੇ ਸਭਿਆਚਾਰਕ ਰੰਗ ਦਰਸਾਉਂਦੀ ਹੋਈ ਸੰਪੂਰਨ ਹੋਈ। ਸਤਿਕਾਰ ਯੋਗ ਰਾਜ ਘੁੰਮਣ ਜੀ ਜਿੱਥੇ ਉੱਤਰੀ ਅਮਰੀਕਾ ਵਿਚ ਉੱਚ ਪਾਏ ਦੀ ਗਾਇਕੀ ਅਤੇ ਪੰਜਾਬੀ ਮੀਡੀਆ ਦੀ ਨਾਮਵਰ ਹਸਤੀ ਵਜੋਂ ਜਾਣੇ ਜਾਂਦੇ ਹਨ ਉਥੇ ਉਹਨਾਂ ਦੀ ਮਹਿਮਾਨ ਨਿਵਾਜ਼ੀ ਵੀ ਬੇਮਿਸਾਲ ਹੈ। ਕਹਾਣੀ ਵਿਚਾਰ ਮੰਚ ਦੇ ਮੈਂਬਰ ਮਿੱਥੇ ਸਮੇਂ ਤੇ ਰਾਜ ਘੁੰਮਣ ਜੀ ਦੇ ਮਹਿਲ ਵਰਗੇ ਘਰ ਪਹੁੰਚਣੇ ਸ਼ੁਰੂ ਹੋ ਗਏ ਸਨ ਅਤੇ ਰਾਜ ਜੀ ਦੇ ਨਿੱਘੇ ਸਵਾਗਤ ਅਤੇ ਵਧੀਆ ਪਕਵਾਨਾਂ ਦਾ ਆਨੰਦ ਮਾਣਦਿਆਂ ਦੁਪਹਿਰ ਦੋ ਵੱਜੇ ਕਹਾਣੀ ਵਿਚਾਰ ਚਰਚਾ ਸ਼ੁਰੂ ਕੀਤੀ ਗਈ । ਬਲਬੀਰ ਕੌਰ ਸੰਘੇੜਾ ਜੀ ਨੇ ਕਹਾਣੀਕਾਰ ਅਮਨ ਪਾਲ ਸਾਰਾ ਅਤੇ ਗੁਰਨਾਮ ਗਿੱਲ ਜੀ ਦੇ ਬਿਮਾਰ ਹੋਣ ਤੇ ਚਿੰਤਾ ਪ੍ਰਗਟ ਕਰਦਿਆਂ ਕਹਾਣੀ ਵਿਚਾਰ ਮੰਚ ਦੇ ਮੈਂਬਰਾਂ ਨਾਲ਼ ਇਹ ਖਬਰ ਸਾਂਝੀ ਕੀਤੀ । ਸਾਰੇ ਕਹਾਣੀ ਮੰਚ ਦੇ ਮੈਂਬਰਾਂ ਨੇ ਇਹਨਾਂ ਦੋਨਾਂ ਕਹਾਣੀਕਾਰਾਂ ਦੀ ਸਿਹਤਯਾਬੀ ਲਈ ਦੁਆ ਕੀਤੀ । ਇਸ ਤੋਂ ਬਾਅਦ ਸ਼ੁਰੂ ਹੋਇਆ ਕਹਾਣੀ ਦਰਬਾਰ।

ਪਹਿਲੀ ਕਹਾਣੀ ਪ੍ਰਸਿਧ ਕਹਾਣੀਕਾਰ ਕੁਲਜੀਤ ਮਾਨ ਜੀ ਦੀ ਸੀ। ਕਹਾਣੀ ਦਾ ਸਿਰਲੇਖ ਸੀ "ਭੁੱਬਲ ਵਿਚ ਧੁੱਖਦਾ ਚਿਰਵੜਾ"। ਕਹਾਣੀ ਦਾ ਸਿਰਲੇਖ ਨਿਵੇਕਲਾ ਹੋਣ ਕਾਰਣ ਇਸ ਬਾਰੇ ਕਾਫ਼ੀ ਦੇਰ ਤੱਕ ਗੱਲਬਾਤ ਚਲਦੀ ਰਹੀ। ਇਹ ਕਹਾਣੀ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਬਾਤ ਪਾਉਂਦੀ ਕਹਾਣੀ ਹੈ। ਕੁਲਜੀਤ ਮਾਨ ਦੀ ਇਸ ਕਹਾਣੀ ਦਾ ਵਿਸ਼ਾ ਪਰਿਵਾਰਕ ਰਿਸ਼ਤਿਆਂ ਵਿਚ ਖ਼ਤਮ ਹੁੰਦੇ ਨਿੱਘ ਅਤੇ ਨੇੜਲੇ ਰਿਸ਼ਤਿਆਂ ਵਿਚ ਵੀ ਭਾਰੂ ਹੁੰਦੇ ਸਵਾਰਥ ਦੁਆਲ਼ੇ ਘੁੰਮਦਾ ਹੈ। ਇਕ ਸੱਚਾਈ ਇਹ ਵੀ ਪੇਸ਼ ਕੀਤੀ ਗਈ ਕਿ ਦੋਸਤੀ ਹਾਲੇ ਵੀ ਆਪਣੇ ਅੰਦਰ ਸੰਵੇਂਦਨਸ਼ੀਲਤਾ ਸਾਂਭੀ ਬੈਠੀ ਹੈ। ਪਰਿਵਾਰਕ ਟੁੱਟ ਭੱਜ ਵਿਚ ਇਕ ਸੰਵੇਂਦਨਸ਼ੀਲ ਇਨਸਾਨ ਕਿਵੇਂ ਧੁੱਖਦਾ ਹੈ ਅਤੇ ਆਪਣੀ ਜਾਨ ਗਵਾ ਲੈਂਦਾ ਹੈ। ਕਹਾਣੀ ਬਹੁਤ ਪਸੰਦ ਕੀਤੀ ਗਈ ਅਤੇ ਮੈਂਬਰਾਂ ਦਾ ਭਰਵਾਂ ਹੁੰਗਾਰਾ ਮਿਲ਼ਿਆ ।

ਦੂਸਰੀ ਕਹਾਣੀ ਡਾ. ਜਤਿੰਦਰ ਰੰਧਾਵਾ ਦੀ "ਦੋਸ਼ੀ ਕੌਣ " ਪੜ੍ਹੀ ਗਈ। ਜਤਿੰਦਰ ਰੰਧਾਵਾ ਦੀ ਇਹ ਕਹਾਣੀ ਵੀ ਉਸ ਦੀਆਂ ਹੋਰ ਕਹਾਣੀਆਂ ਵਾਂਗ ਕੈਨੇਡੀਅਨ ਪੰਜਾਬੀ ਸਮਾਜ ਦੀ ਤਸਵੀਰ ਪੇਸ਼ ਕਰਦੀ ਛੋਟੀ ਕਹਾਣੀ ਸੀ। ਇਸ ਕਹਾਣੀ ਵਿਚ ਪਰਿਵਾਰ ਦੇ ਟੁੱਟਣ ਤੋਂ ਬਾਅਦ ਜਾਂ ਇਸ ਪ੍ਰਕਿਰਿਆ ਵਿਚ ਬੱਚਿਆਂ ਉੱਪਰ ਪੈਂਦੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਬਾਖ਼ੂਬੀ ਕੀਤਾ ਗਿਆ । ਸਕੂਲਾਂ ਵਿਚ ਵਿਦਿਆਰਥੀਆਂ ਵੱਲੋਂ ਹੁੰਦੀਆਂ ਹਿੰਸਕ ਘਟਨਾਵਾਂ ਅਤੇ ਉਹਨਾਂ ਦੀ ਜੜ੍ਹ ਲੱਭਦੀ ਇਹ ਕਹਾਣੀ ਪਾਠਕਾਂ ਅਤੇ ਸਰੋਤਿਆਂ ਉਤੇ ਡੂੰਘਾ ਪ੍ਰਭਾਵ ਸਿਰਜਦੀ ਨਜ਼ਰ ਆਈ।

ਤੀਸਰੀ ਕਹਾਣੀ ਰਾਜ ਘੁੰਮਣ ਜੀ ਵੱਲੋਂ ਪੜ੍ਹੀ ਗਈ । ਕਹਾਣੀ ਦਾ ਸਿਰਲੇਖ "ਬੋਗਨਵਿਲੀਆ" ਸੀ। ਇਹ ਕਹਾਣੀ ਵੀ ਪਰਿਵਾਰਕ ਕਦਰਾਂ ਕੀਮਤਾਂ ਨੂੰ ਪੇਸ਼ ਕਰਦੀ ਛੋਟੀ ਕਹਾਣੀ ਸੀ । ਰਾਜ ਜੀ ਦੀ ਭਾਵੇਂ ਇਹ ਪਹਿਲੀ ਕਹਾਣੀ ਸੀ ਪਰ ਕਹਾਣੀ ਗੋਂਦ ਅਤੇ ਭਾਸ਼ਾ ਪੱਖੋਂ ਇਹ ਕਹਾਣੀ ਉੱਤਮ ਕਹਾਣੀ ਕਹੀ ਜਾ ਸਕਦੀ ਹੈ। ਸਾਰੇ ਹੀ ਹਾਜ਼ਰ ਮੈਂਬਰਾਂ ਨੇ ਕਹਾਣੀ ਨੂੰ ਬਹੁਤ ਸਲਾਹਿਆ। ਰਾਜ ਘੁੰਮਣ ਜੀ ਕੋਲੋਂ ਭਵਿੱਖ ਵਿਚ ਹੋਰ ਵੀ ਵਧੀਆ ਕਹਾਣੀਆਂ ਦੀ ਆਸ ਹੈ।

ਕਹਾਣੀਆਂ ਉਪਰੰਤ ਕਹਾਣੀ ਵਿਚਾਰ ਮੰਚ ਟੋਰਾਂਟੋ ਦੇ ਇਤਿਹਾਸ ਤੇ ਲੰਬੀ ਚਰਚਾ ਕੀਤੀ ਗਈ । 1994 ਤੋਂ ਤੁਰਿਆ ਇਹ ਕਹਾਣੀ ਵਿਚਾਰ ਮੰਚ ਦਾ ਸਾਹਿਤਕ ਸਫਰ ਹੋਰ ਵੀ ਸੋਹਣਾ ਹੁੰਦਾ ਜਾ ਰਿਹਾ ਹੈ। ਇਸ ਨੂੰ ਜਿੱਥੇ ਪਰਪੱਕ ਕਹਾਣੀਕਾਰਾਂ ਦੀ ਛੱਤਰ ਛਾਇਆ ਹਾਸਿਲ ਹੈ ਉੱਥੇ ਹੋਰ ਨਵੇਂ ਕਹਾਣੀਕਾਰ ਵੀ ਜੁੜ ਰਹੇ ਹਨ। ਇਸ ਮੰਚ ਨੇ ਕਿੰਨੇ ਹੀ ਵਧੀਆ ਕਹਾਣੀਕਾਰ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਸਾਰੇ ਹੀ ਕੈਨੇਡੀਅਨ ਸਥਾਪਿਤ ਕਹਾਣੀਕਾਰ ਜਿਹਨਾਂ ਵੱਲੋ ਇਸ ਦੀ ਸਥਾਪਨਾ ਕੀਤੀ ਗਈ–ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਅਤੇ ਆਉਂਦੇ ਸਮੇਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ । ਬਲਬੀਰ ਕੌਰ ਸੰਘੇੜਾ ਅਤੇ ਕੁਲਜੀਤ ਮਾਨ ਨੇ ਕਹਾਣੀ ਵਿਚਾਰ ਮੰਚ ਦੀਆਂ ਮੀਟਿੰਗਾਂ ਮੈਂਬਰਾਂ ਦੇ ਘਰਾਂ ਵਿਚ ਹੋਣ ਦੀ ਰਵਾਇਤ ਨੂੰ ਇਸ ਦੀ ਖ਼ੂਬਸੂਰਤੀ ਆਖਿਆ ਅਤੇ ਸਾਰੇ ਮੈਬਰਾਂ ਨੇ ਇਸ ਰਵਾਇਤ ਨੂੰ ਸਲਾਹਿਆ। ਕਿਰਪਾਲ ਸਿੰਘ ਪਨੂੰ ਨੂੰ ਉਹਨਾਂ ਦੀ ਗ਼ੈਰਹਾਜ਼ਰੀ ਵਿਚ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ ਕਿ ਉਹ ਕਿਵੇਂ ਸਮੇਂ ਸਮੇਂ ਤੇ ਲੇਖਕਾਂ ਨੂੰ ਲਿਖਦੇ ਰਹਿਣ ਲਈ ਹੱਲਾ ਸ਼ੇਰੀ ਦੇਂਦੇ ਰਹੇ ਹਨ। ਸਭਾ ਦੇ ਅੰਤ ਵਿਚ ਬਹੁਤ ਸੁਆਦੀ ਭੋਜਨ ਦਾ ਆਨੰਦ ਮਾਣਦਿਆਂ ਗੀਤ ਸੰਗੀਤ ਦਾ ਦੌਰ ਵੀ ਚੱਲਿਆ ।

ਰਾਜ ਘੁੰਮਣ , ਮੀਤਾ ਖੰਨਾ ਅਤੇ ਰਿੰਟੂ ਭਾਟੀਆ ਦੇ ਸੁਰਾਂ ਨਾਲ ਸੱਜ ਕੇ ਮਾਹੌਲ ਹੋਰ ਵੀ ਖਿੜ ਗਿਆ। ਕਮਲਜੀਤ ਨੱਤ, ਸੁਰਜੀਤ ਕੌਰ, ਅਰਵਿੰਦਰ ਕੌਰ, ਰਛਪਾਲ ਕੌਰ, ਬਲਬੀਰ ਕੌਰ ਸੰਘੇੜਾ, ਲਾਲ ਸਿੰਘ ਸੰਘੇੜਾ , ਕੁਲਜੀਤ ਮਾਨ, ਸਰਦੂਲ ਸਿੰਘ ਘੁੰਮਣ, ਸੁੰਦਰਪਾਲ ਕੌਰ ਰਾਜਾਸਾਂਸੀ, ਰਮਿੰਦਰ ਵਾਲੀਆ, ਕੰਵਲਜੀਤ ਢਿੱਲੋਂ, ਪਰਮਜੀਤ ਕੌਰ ਦਿਉਲ, ਰਿੰਟੂ ਭਾਟੀਆ, ਮੀਤਾ ਖੰਨਾ, ਰਾਜ ਘੁੰਮਣ ਅਤੇ ਕੋਆਰਡੀਨੇਟਰ ਜਤਿੰਦਰ ਰੰਧਾਵਾ ਮਹਿਫ਼ਲ ਦੀ ਰੌਣਕ ਬਣੇ। ਤਕਰੀਬਨ ਸ਼ਾਮ ਦੇ ਅੱਠ ਕੁ ਵਜੇ ਕਹਾਣੀ ਵਿਚਾਰ ਮੰਚ ਦੇ ਮੈਬਰਾਂ ਨੇ ਰਾਜ ਜੀ ਦਾ ਧੰਨਵਾਦ ਕਰਦਿਆਂ ਇਕ ਦੂਜੇ ਨੂੰ ਅਲਵਿਦਾ ਆਖਿਆ। ਭਾਵੇਂ ਕਿਸੇ ਦਾ ਵੀ ਰੌਣਕ ਛੱਡਣ ਦਾ ਜੀ ਨਹੀਂ ਸੀ ਕਰ ਰਿਹਾ ਪਰ ਸਮਾਪਤੀ ਤੇ ਕਰਨੀ ਹੀ ਸੀ । ਕਹਾਣੀ ਵਿਚਾਰ ਮੰਚ ਦੀ ਇਹ ਮੀਟਿੰਗ ਇੱਕ ਕਾਮਯਾਬ ਮੀਟਿੰਗ ਰਹੀ।

**ਕੋਆਰਡੀਨੇਟਰ– ਜਤਿੰਦਰ ਕੌਰ ਰੰਧਾਵਾ**

## ਕਾਵਿ- ਵਿਅੰਗ

## ਕਾਲੀਆਂ ਝੰਡੀਆਂ ਦਾ ਡਰ?

ਉਦੋਂ ਡਰੇ ਨਾ ਤਖਤ ਅਕਾਲ ਤੋਂ ਵੀ
ਜਥੇਦਾਰਾਂ ਨੂੰ 'ਹੁਕਮ' ਸੁਣਾਉਣ ਵੇਲੇ।

ਹੈਂਕੜ ਨਾਲ ਚਲਾਈਆਂ ਚੰਮ ਦੀਆਂ
ਦੇ ਕੇ ਮਾਫੀਆ ਫੇਰ ਮੁਸਕਰਾਉਣ ਵੇਲੇ।

ਖਾਧਾ ਖੌਫ ਨਾ ਗ੍ਰੰਥ ਤੇ ਪੰਥ ਵਾਲਾ
ਵੋਟਾਂ ਵਾਸਤੇ ਬਿਅਦਬੀ ਕਰਵਾਉਣ ਵੇਲੇ।

ਬੇਖੌਫ਼ ਹੋ ਲੁੱਟਿਆ ਗੋਲਕਾਂ ਨੂੰ
ਨਾਲੇ ਸੰਗਤ 'ਤੇ ਗੋਲੀ ਚਲਵਾਉਣ ਵੇਲੇ।

ਰਾਜ-ਮਦ ਵਿਚ ਹੋਏ ਹੰਕਾਰਿਆਂ ਦਾ
ਬਚਣਾ ਹੁੰਦਾ ਏ ਮੁਸ਼ਕਿਲ ਹੀ ਭੰਡੀਆਂ ਤੋਂ।

ਹਾਕਮ ਹੁੰਦਿਆਂ ਡਰੇ ਨਾ ਰੱਬ ਕੋਲੋਂ
ਹੁਣ ਡਰਦੇ ਆ ਕਾਲੀਆਂ ਝੰਡੀਆਂ ਤੋਂ!



**– ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

## ਪਿੰਡ ਵਾਸੀਓ

ਇਹ ਤਾਂ ਮੁਲਖ ਵੀ ਠੰਡੇ ਬਾਕੀ ਲੋਕ ਵੀ ਚੰਗੇ
ਪੈਸਾ ਧੇਲਾ ਜੋੜ ਕੇ ਸਭ ਕੇ ਆਪ ਚਲਾਏ ਇੱਥੇ ਧੰਦੇ
ਨੋਟਾਂ ਦੇ ਨਾਲ ਜੇਬਾਂ ਭਰ ਕੇ ਹਰ ਕੋਈ ਬੈਂਕ ਵਿਚ ਜਾ ਖੜ੍ਹਦਾ
ਪਿੰਡ ਵਾਸੀਓ ਮੁੜਨਾ ਕਾਹਦਾ ਨਾ ਮੁੜਨ ਨੂੰ ਜੀਅ ਕਰਦਾ।

ਕਦੇ ਕਿਤੇ ਨਾ ਬਿਜਲੀ ਜਾਵੇ ਨਾਂ ਕੋਈ ਇੱਥੇ ਕੱਟ ਲਗਾਵੇ
ਸਖਤ ਬੜੇ ਜੁਰਮਾਨੇ ਸਾਰੇ ਟਾਈਮ ਨਾਲ ਬਿਲ ਭਰ ਕੇ ਆਵੇ
ਨਾ ਗਰਮੀ ਨਾ ਸਰਦੀ ਇੱਥੇ ਮਿੰਟ ਮਿੰਟ ਤੇ ਮੀਂਹ ਵਰਦਾ
ਪਿੰਡ ਵਾਸੀਓ ਮੁੜਨਾ ਕਾਹਦਾ ਨਾ ....

ਚੜ੍ਹ ਜਾਣ ਜਦੋਂ ਟਰੱਕਾਂ ਉਤੇ ਬੋਲੀਆਂ ਪਾਉਂਦੇ ਸੜਕਾਂ ਉਤੇ
ਮਿੱਲਾਂ ਦੇ ਵਿਚ ਫੱਟੇ ਖਿੱਚਦੇ ਕੰਮ ਕਰਦੇ ਨੇ ਬਰਫਾਂ ਉਤੇ
ਨਾ ਕੋਈ ਪੁੱਛੇ ਨਾ ਕੋਈ ਦੱਸੇ ਕੌਣ ਇੱਥੇ ਬੱਸ ਕੀ ਕਰਦਾ
ਪਿੰਡ ਵਾਸੀਓ ਮੁੜਨਾ ਕਾਹਦਾ ਨਾ ....

ਬੈਂਕ 'ਚੋਂ ਮਿਲਦੇ ਕਰਜੇ ਸੌਖੇ ਕਿਸੇ ਗੱਲੋਂ ਤਾਂ ਲੋਕ ਨਾ ਔਖੇ
ਛਾਣ ਬੀਣ ਪੂਰੀ ਪੁਲਿਸ ਤਾਂ ਕਰਦੀ ਜੇ ਕਿਧਰੇ ਕਿਤੇ ਹੋ ਜਾਣ ਧੋਖੇ
ਧੋਖਾ ਤਾਂ ਇਕ ਪਾਸਾ ਰਹਿ ਗਿਆ ਹਰ ਬੰਦਾ ਇੱਥੇ ਪੁਲਿਸ ਤੋਂ ਡਰਦਾ
ਪਿੰਡ ਵਾਸੀਓ ਮੁੜਨਾ ਕਾਹਦਾ ਨਾ ....

ਪੈਗ ਦੇ ਨਾਲ ਬੱਸ ਪੈਗ ਟਕਰਾ ਕੇ ਚਿਕਨ ਵਗੈਰਾ ਸੌਂਦੇ ਖਾ ਕੇ
ਰੱਬ ਯਾਦ ਨਾ ਰਹਿੰਦਾ ਤੇ ਫਿਰ ਵਿਚ ਕਲੱਬਾਂ ਦੇ ਜਦੋਂ ਜਾ ਕੇ
'ਦੇਵ ਘੋਲੀਏ' ਵਾਲਾ ਵੀ ਫਿਰ ਆਥਣ ਨੂੰ ਨਿੱਤ ਪੀ ਛੱਡਦਾ
ਪਿੰਡ ਵਾਸੀਓ ਮੁੜਨਾ ਕਾਹਦਾ ਨਾ ਮੁੜਨ ਨੂੰ ਜੀਅ ਕਰਦਾ।



**-ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

# '15 ਲੱਖ ਕਦੋਂ ਆਊਗਾ' ਡੇਰਾਵਾਦ ਅਤੇ ਸਿਆਸਤ 'ਤੇ ਵਿਅੰਗਮਈ ਫ਼ਿਲਮ ਹੈ 'ਰੁਪਾਲੀ ਗੁਪਤਾ'

**ਹਰਜਿੰਦਰ ਸਿੰਘ ਜਵੰਦਾ**
**(91-94638-28000)**

ਸਿਨਮੇ ਦੀ ਮੌਜੂਦਾ ਭੀੜ ਵਿੱਚ ਬਹੁਤ ਘੱਟ ਅਜਿਹੇ ਫ਼ਿਲਮਸਾਜ਼ ਹਨ ਜੋ ਦਰਸ਼ਕਾਂ ਦੀ ਨਬਜ਼ ਟੋਹਣ ਦਾ ਗੁਣ ਜਾਣਦੇ ਹਨ। ਪਿਛਲੇ ਸਰਵੇਖਣਾਂ ਤੋ ਪਤਾ ਲੱਗਦਾ ਹੈ ਕਿ ਮਰਦ ਪ੍ਰਧਾਨ ਪੰਜਾਬੀ ਸਿਨਮੇ ਵਿਚ ਰੁਪਾਲੀ ਗੁਪਤਾ ਇੱਕ ਉਹ ਨਿਰਮਾਤਰੀ ਹੈ ਜਿਸ ਵਲੋਂ ਨਿਰਮਾਣ ਕੀਤੀਆਂ ਫ਼ਿਲਮਾਂ ਦੀ ਰਿਕਾਰਡ ਤੋੜ ਸਫ਼ਲਤਾ ਨੇ ਚਿਰਾਂ ਤੋ ਸਰਗਰਮ ਫਿਲਮਸਾਜ਼ਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਕਿਸੇ ਵੀ ਫ਼ਿਲਮ ਦੇ ਫਲਾਪ ਹੋਣ 'ਤੇ ਫ਼ਿਲਮ ਵਿਚਲੀਆਂ ਕਮੀਆਂ 'ਤੇ ਧਿਆਨ ਦੇਣ ਦੀ ਬਜਾਏ ਅਕਸਰ ਹੀ ਨਿਰਮਾਤਾ ਨਿਰਦੇਸ਼ਕ ਦਰਸ਼ਕਾਂ ਦੀ ਪਸੰਦ -ਨਾ-ਪਸੰਦ ਕਹਿ ਕੇ ਪੱਲਾ ਝਾੜ੍ਹ ਦਿੰਦੇ ਹਨ ਪ੍ਰੰਤੂ ਇੱਕ ਸੁਪਰਹਿੱਟ ਫ਼ਿਲਮ ਬਣਾਉਣ ਲਈ , ਟਿਕਟ ਖਿੜਕੀ 'ਤੇ ਦਰਸ਼ਕਾਂ ਦੀਆਂ ਲਾਇਨਾਂ ਲਾਉਣ ਲਈ ਜਿਹੜੀ ' ਗਿੱਦੜ ਸਿੰਗੀ' ਨਿਰਮਾਤਰੀ ਰੁਪਾਲੀ ਗੁਪਤਾ ਦੇ ਹੱਥ ਲੱਗੀ ਹੈ, ਉਸਦਾ ਹਰ ਕੋਈ ਭੇਦ ਨਹੀਂ ਜਾਣਦਾ। ਪਿਛਲੇ ਸਾਲ ਦੀ ਸੁਪਰਹਿੱਟ ਹੋਈ ਫਰਾਈ ਡੇਅ ਮੋਸ਼ਨ ਪਿਕਚਰਜ਼ ਦੀ ਫ਼ਿਲਮ 'ਮਿਸਟਰ ਐਂਡ ਮਿਸ਼ਜ 420 ਰਿਟਰਨਜ਼ ' ਦੀ ਕਾਮਯਾਬੀ ਨੇ ਜੋ ਇਤਿਹਾਸ ਸਿਰਜਿਆ, ਉਹ ਸਭ ਦੇ ਸਾਹਮਣੇ ਹੈ।





ਆਪਣੀਆਂ ਸੁਪਰ ਹਿੱਟ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਰੁਪਾਲੀ ਗੁਪਤਾ ਨਵੇਂ ਸਾਲ ਵਿੱਚ ਪੂਰੀ ਤਰਾਂ ਸਰਗਰਮ ਹੈ । ਜਿੱਥੇ ਉਹ ਕਈ ਫ਼ਿਲਮਾਂ ਦੀ ਸ਼ੂਟਿੰਗ ਵਿੱਚ ਰੁੱਝੀ ਹੋਈ ਹੈ ਉੱਥੇ ਨਵੀਆਂ ਫ਼ਿਲਮਾਂ ਦੇ ਰਿਲੀਜ਼, ਪ੍ਰਮੋਸ਼ਨ ਅਤੇ ਹੋਰ ਕਾਰਜਾਂ ਲਈ ਭੱਜ-ਦੌੜ ਕਰ ਰਹੀ ਹੈ।

ਭਾਖੜਾ ਵਾਲੇ ਨੰਗਲ ਸ਼ਹਿਰ ਦੀ ਜੰਮਪਲ ਰੁਪਾਲੀ ਗੁਪਤਾ ਨੇ ਦੱਸਿਆ ਕਿ ਕਲਾ ਨਾਲ ਉਸਦਾ ਰਿਸ਼ਤਾ ਸਕੂਲ ਕਾਲਜ ਦੇ ਦਿਨਾਂ ਵੇਲੇ ਦਾ ਰਿਹਾ ਹੈ। ਕੁਝ ਪਰਿਵਾਰਕ ਬੰਦਸ਼ਾਂ ਕਰਕੇ ਉਸਦਾ ਇਹ ਸ਼ੌਕ ਉੱਭਰ ਕੇ ਸਾਹਮਣਾ ਨਾ ਆ ਸਕਿਆ। ਫਿਰ ਵਿਆਹੁਤਾ ਜ਼ਿੰਦਗੀ ਵੱਲ ਕਦਮ ਵਧਾਉਦਿਆਂ ਹੀ ਉਸਦੀ ਕਲਾ ਰੂਪੀ ਗੱਡੀ ਮੁੜ ਲੀਂਹ 'ਤੇ ਆ ਗਈ। ਉਸਦੇ ਜੀਵਨ ਸਾਥੀ ਦੀਪਕ ਗੁਪਤਾ ਨੇ ਜਦ ਰੁਪਾਲੀ ਦੀ ਕਲਾ ਨੂੰ ਨੇੜੇ ਹੋ ਕੇ ਸਮਝਿਆ ਤਾਂ ਉਸਨੇ ਦਿਲੋਂ ਸਹਿਯੋਗ ਦਿੱਤਾ। ਬਤੌਰ ਅਦਾਕਾਰਾ ਰੁਪਾਲੀ ਗੁਪਤਾਂ ਨੇ 'ਮਿਸਟਰ ਐਂਡ ਮਿਸ਼ਜ 420 ਰਿਟਰਨ ' ਵਿੱਚ ਗੁਰਪ੍ਰੀਤ ਘੁੱਗੀ ਦੇ ਔਪੋਜਿਟ ਕਮਾਲ ਦੀ ਅਦਾਕਾਰੀ ਕੀਤੀ।

ਪੰਜਾਬੀ ਸਿਨਮੇ 'ਤੇ ਭਾਰੂ ਹੋ ਰਹੀ ਕਾਮੇਡੀ ਬਾਰੇ ਉਸਦਾ ਕਹਿਣਾ ਹੈ ਕਿ ਬਾਜ਼ਾਰ ਜਿਸ ਚੀਜ਼ ਦੀ ਵਧੇਰੇ ਮੰਗ ਹੋਵੇ, ਦੁਕਾਨਦਾਰ ਤਾਂ ਉਹੀ ਵੇਚੇਗਾ ਵਾਲੀ ਗੱਲ ਹੈ। ਸਾਡੀ ਟੀਮ ਨੇ ਦਰਸ਼ਕਾਂ ਦੀ ਨਬਜ਼ ਟੋਹ ਕੇ ਉਨ੍ਹਾਂ ਦੀ ਪਸੰਦ ਨੂੰ ਜਾਣਿਆ ਹੈ। ਅੱਜ ਜ਼ਿੰਦਗੀ ਦੇ ਰੁਝੇਵਿਆਂ 'ਚ ਫਸਿਆ ਮਨੁੱਖ ਕੁਝ ਪਲ ਤਣਾਓ-ਮੁਕਤ ਹੋਣ ਲਈ ਸਿਨੇਮੇ ਘਰਾਂ 'ਚ ਜਾਂਦਾ ਹੈ। ਅੱਜ ਦੇ ਦੌਰ ਵਿੱਚ ਸਿਨੇਮਾ ਹੀ ਮਨੋਰੰਜਨ ਦਾ ਇੱਕ ਚੰਗਾ ਸਾਧਨ ਹੈ।

ਦੂਜੀ ਗੱਲ ਇਹ ਕਿ ਸਾਡੀਆਂ ਫ਼ਿਲਮਾਂ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਮੁੱਦਾ ਅਧਾਰਤ ਹੁੰਦੀ ਹੈ। ਜਿਸ ਤਰ੍ਹਾਂ '420 ਰਿਟਰਨਜ਼' ਰਾਹੀ ਸਮਾਜ ਵਿੱਚ ਫੈਲੀ ਨਸ਼ਿਆਂ ਦੀ ਭੈੜੀ ਅਲਾਮਤ ਬਾਰੇ ਜਾਗਰੂਕ ਕੀਤਾ ਗਿਆ ਹੈ, 'ਓ ਅ' ਫ਼ਿਲਮ ਰਾਹੀ ਪੰਜਾਬ 'ਚ ਸਕੂਲੀ ਵਿੱਦਿਆ ਦੇ ਹੋ ਰਹੇ ਵਪਾਰੀਕਰਨ ਬਾਰੇ ਗੱਲ ਕੀਤੀ, ਹੁਣ ਉਸੇ ਤਰਾਂ 10 ਮਈ ਨੂੰ ਰਿਲੀਜ਼ ਹੋ ਰਹੀ ਫ਼ਿਲਮ '15 ਲੱਖ ਕਦੋਂ ਆਊਗਾ' ਰਾਹੀ ਪੰਜਾਬ ਵਿੱਚ ਫੈਲੇ ਅੰਧ ਵਿਸ਼ਵਾਸ, ਡੇਰਾਵਾਦ ਅਤੇ ਸਿਆਸਤ ਦੀ ਆੜ ਵਿੱਚ ਹੁੰਦੇ ਨਾਜਾਇਜ਼ ਧੰਦਿਆਂ 'ਤੇ ਤਿੱਖਾ ਵਿਅੰਗ ਕਰਦੀ ਹੋਈ ਦਰਸ਼ਕਾਂ ਨੂੰ ਹਾਸੇ ਹਾਸੇ ਵਿੱਚ ਚੰਗਾ ਮੈਸੇਜ਼ ਦੇਵੇਗੀ। ਇਸ ਫਿਲਮ ਦਾ ਨਾਇਕ ਰਵਿੰਦਰ ਗਰੇਵਾਲ ਹੈ ਜਿਸਨੂੰ ਦਰਸ਼ਕ ਇਸ ਫ਼ਿਲਮ ਵਿੱਚ ਪਹਿਲੀ ਵਾਰ ਵੱਖ ਵੱਖ ਦਿਲਚਸਪ ਕਿਰਦਾਰਾਂ ਵਿੱਚ ਵੇਖਣਗੇ, ਇਹ ਫ਼ਿਲਮ ਉਸਦੇ ਫ਼ਿਲਮੀ ਕੈਰੀਅਰ ਨੂੰ ਉੱਚਾ ਲੈ ਕੇ ਜਾਵੇਗੀ ਤੇ ਪੰਜਾਬੀ ਪਰਦੇ 'ਤੇ ਉਸਦੀ ਇੱਕ ਖਾਸ ਪਹਿਚਾਣ ਬਣੇਗੀ। ਪਹਿਲੀਆਂ ਫ਼ਿਲਮਾਂ ਵਾਂਗ ਇਸ ਵਿਸ਼ੇ ਨੂੰ ਵੀ ਕਾਮੇਡੀ ਦੀ ਰੰਗਤ ਦਿੱਤੀ ਗਈ ਹੈ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਤੇ ਡਾਇਲਾਗ ਨਾਮਵਰ ਲੇਖਕ ਸੁਰਮੀਤ ਮਾਵੀ ਨੇ ਲਿਖੇ ਹਨ। ਫ਼ਿਲਮ ਦਾ ਨਿਰਦੇਸ਼ਨ ਮਨਪ੍ਰੀਤ ਬਰਾੜ ਨੇ ਦਿੱਤਾ ਹੈ। ਰਵਿੰਦਰ ਗਰੇਵਾਲ, ਪੂਜਾ ਵਰਮਾ, ਜਸਵੰਤ ਰਾਠੌੜ, ਸਮਿੰਦਰ ਵਿੱਕੀ, ਹੌਬੀ ਧਾਲੀਵਾਲ, ਮਲਕੀਤ ਰੌਣੀ,ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ, ਸੁਖਦੇਵ ਬਰਨਾਲਾ, ਅਜੇ ਜੇਠੀ, ਯਾਦ ਗਰੇਵਾਲ ਨੇ ਫਿਲਮ 'ਚ ਅਹਿਮ ਕਿਰਦਾਰ ਨਿਭਾਏ ਹਨ। ਗੀਤ ਰਵਿੰਦਰ ਗਰੇਵਾਲ, ਰਣਜੀਤ ਬਾਵਾ, ਗੁਰਲੇਜ਼ ਅਖ਼ਤਰ ਨੇ ਗਾਏ ਹਨ। ਓਮ ਜੀ ਗਰੁੱਪ ਵਲੋਂ ਇਹ ਫ਼ਿਲਮ 10 ਮਈ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

Non Profit

# SACRAMENTO PCS

(USA)

Since 1990

Presents

ੳ੦ਵਾਂ

## ਸੱਭਿਆਚਾਰਕ ਮੇਲਾ

# Cultural Fair






**Featuring : Songs, Gidha & Bhangra, Dances, Skits and Much More**

Celebration On

## Saturday 18th May 2019

at 3:00 P.M.

## Performing Art Centre

# Sheldon High School

**8333 Kingsbridge Drive, Sacramento CA 95829**

Spcl. Appearance

**Bhangra & Gidda**

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੋਹਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੋਡ, ਹਰਜਿੰਦਰ ਪੰਧੇਰ, ਮਨੋਹਰ ਲਾਲ ਰੱਤੀ, ਗੋਲੀ ਸਿੰਘ, ਯਾਦਵਿੰਦਰ ਗਿੱਲ, ਬਲਦੇਵ ਗਰੇਵਾਲ, ਗੁਰਮਿੰਦਰ ਗੁਰੀ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ (ਰੋਹਿਤ), ਇੰਡੀਆ ਹਾਊਸ ਆਫ਼ ਗਰੋਸਰੀ, ਪੰਜਾਬੀ ਬਜ਼ਾਰ (ਗੁਰਮਿੰਦਰ ਗੁਰੀ), ਸਟਾਰ ਆਫ ਇੰਡੀਆ, ਬੱਗਾ ਜਿਊਲਰਜ਼ (ਜੌਨੀ), ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਜਸਵੀਰ ਸਿੰਘ ਰਾਣਾ (Seven-Elevan) ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ, ਸਮੋਸਾ ਗਾਰਡਨ।

For More Information Please Contact : Participation: Rashpal Pharwala (916) 880-0531,
Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

# ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

punjabiculturalsociety

*This organization is committed to preserving and promoting the rich culture of Punjab. Our main goal is to inspire children brought up in the west to learn about their ancestral culture and values.*